"ਹੇ ਧਰਮ ਦੇ ਪ੍ਰਵਤਕੋ ! ਹੇ ਭਿੰਨ ਭਿੰਨ ਬੁਧੀ ਵਾਲੇ, ਹੇ ਨਿਸ਼ਚੇ ਵਾਲੇ ਲੋਕੋ ! ਤੁਸੀਂ ਲੋਕ ਅੱਗ ਦੇ ਅੰਗਾਰੇ ਨਾਲ ਭਰੀ ਕੋਲੀ ਨੂੰ ਖੋੜ ਸਮਾਂ ਅਪਣੇ ਹਥ ਤੇ ਹਥ ਤੇ ਰਖ ਲਵੋ, ਸੰਡਾਸੀ ਨਾਂ ਵਰਤਨਾ, ਮੰਤਰ ਦੀ ਸਹਾਇਤਾ ਵੀ ਨਾ ਲੈ ਲਵੇ, ਅੱਗ ਨੂੰ ਠੰਡਾ ਕਰਨ ਵਾਲੀ ਸ਼ਕਤੀ ਨਾਲ ਵਰਤੋਂ, ਕਿਸੇ ਧਰਮੀ ਦੀ ਸਹਾਇਤਾ ਨਾਂ ਮੰਗੋ, ਕਿਸ ਹੋਰ ਤੋਂ ਵੀ ਮਦੱਦ ਨਾ ਲਵੋ ਸਰਲ ਭਾਵ, ਮੋਕਸ਼ ਦੇ ਅਰਾਧਕ ਬਨਕੇ, ਛਲ ਕਪੱਟ ਕਰ ਕਰਦੇ ਹੋਏ ਹਥ ਫੈਲਾਵੋ ਅਤੇ ਇਸ ਅੱਗ ਦੀ ਕੋਟੀ ਨੂੰ ਹਥ ਵਿਚ ਲੈ ਲਵੋ ।"

ਇਸ ਪ੍ਰਕਾਰ ਆਖਕੇ ਉਹ ਪੁਰਸ਼ ਅੱਗ ਦੇ ਅੰਗਾਰੇ ਨਾਲ ਭਰੀ ਕੋਲ ਨੂੰ ਸੰਦਾਸੀ ਤੋਂ ਫੜਕੇ ਉਨ੍ਹਾਂ ਮੱਤ ਵਾਲਿਆ ਦੇ ਹੱਥ ਤੇ ਰਖੇ ਤਾ ਇਹ ਧਰਮ ਦੇ ਪ੍ਰਵਤਕ ਭਿੰਨ ਭਿੰਨ ਤਰ੍ਹਾਂ ਦੇ ਗਿਆਣੀ ਤੇ ਨਿਸ਼ਚੇ ਵਾਲੇ, ਅਪਣਾ ਹੱਥ ਪਰ੍ਹਾਂ ਕਰ ਲੈਣਗੇ ।

ਉਨ੍ਹਾਂ ਨੂੰ ਅਪਣਾ ਹੱਥ ਪਰਾਂ ਕਰਦਾ ਵੇਖਕੇ, ਉਨ੍ਹਾਂ ਦੇ ਧਰਮਾ ਦੇ ਪ੍ਰਵਤਕਾਂ ਨੂੰ ਭਿੰਨ ਭਿੰਨ ਨਿਸ਼ਚੇ ਵਾਲੇਆਂ ਨੂੰ ਉਹ ਧਰਮ ਅਰਾਧਕ ਇਸ ਪ੍ਰਕਾਰ ਆਖੇ—"ਹੇ ਧਰਮ ਪ੍ਰਵਤਕੋ ਭਿੰਨ ਭਿੰਨ ਬੁੱਧੀ ਵਾਲੇ ਵਿਚਾਰਕੋ ! ਕਿਉਂ ਅਪਣਾ ਹੱਥ ਪਰਾਂ ਕਰਦੇ ਹੋ ? ਤੁਸੀਂ ਸੋਚਦੇ ਹੋ ਦੁੱਖ ਹੋਵੇਗਾ, ਦੁੱਖ ਦੇ ਡਰ ਕਾਰਣ ਤੁਸੀਂ ਹੱਥ ਪਿਛਾ ਨੂੰ ਹਟਾਉਂਦੇ ਹੋ, ਇਹੋ ਗਲ ਤੁਹਾਨੂੰ (ਦੂਸਰੇ ਮਤਾ ਦੇ ਪ੍ਰਵਤਕਾਂ ਨੂੰ) ਹੋਰ ਪ੍ਰਾਣੀਆਂ ਵਾਰੇ ਸਮਝ ਲੈਣੀ ਚਾਹਿਦੀ ਹੈ ਸਾਰੇ ਪ੍ਰਾਣੀਆਂ ਨੂੰ ਦੁੱਖ ਨੂੰ ਪਸੰਦ ਨਹੀਂ ਕਰਦੇ, ਇਹ ਧਰਮ ਤਰਾਜੂ ਹੈ ਇਹੋ ਪ੍ਰਮਾਣਿਕ (ਸਿਧਾਂਤ) ਹੈ ਇਕ ਸਮਾਨ ਸਮਝੋ ਇਹੋ ਧਰਮ ਦਾ ਸਾਰ ਹੈ ।"

ਜੋ ਸ਼੍ਰਮਣ ਬ੍ਰਾਹਮਣ ਅਜ਼ੇਹਾ ਆਖਦੇ ਹਨ ਕਿ ਸਾਰੇ ਪ੍ਰਾਣੀਆਂ ਦਾ ਘਾਤ ਕਰਨਾ ਚਾਹੀਦਾ ਹੈ । ਉਸ ਤੋਂ ਹੁਕਮ ਨਾਲ ਕੰਮ ਲੈਣਾ ਚਾਹੀਦਾ ਹੈ ਦਾਸ, ਦਾਸੀ ਬਨਾਉਣਾ ਚਾਹੀਦਾ ਹੈ, ਦੁੱਖ ਦੇਣਾ ਚਾਹੀਦਾ ਹੈ ਕਲੇਸ਼ ਤੋਂ ਕਸ਼ਟ ਦੇਣਾ ਚਾਹੀਦਾ ਹੈ, ਹਿੰਸਾ ਦਾ ਰਾਹ ਦਸਨ ਵਾਲੇ ਇਹ ਲੋਕ ਉਤਪਤਿ, ਜਰਾ, ਬੁਢਾਪਾ, ਜਨਨ-ਮਰਨ ਆਦਿ ਰਾਹੀਂ ਭਿੰਨ ਭਿੰਨ ਜੂਨਾ ਵਿਚ ਜਨਮ, ਸੰਸਾਰ, ਪੁਰਨ ਜਨਮ ਗਰਭ ਤੇ ਸੰਸਾਰ ਵਿਚ ਫਸਕੇ ਘੋਰ ਦੁੱਖ ਦੇ ਭਾਗੀ ਬਨਣਗੇ । ਉਹ ਬਹੁਤ ਵਾਰ ਦੰਡ ਦੇ ਭਾਗੀ ਹੋਣਗੇ । ਉਨ੍ਹੀ ਦੇ ਸਿਰਮੁਨੇ ਜਾਣਗੇ, ਲੋਕਾਂ ਦੀ ਝਾੜ ਉਨ੍ਹਾਂ ਨੂੰ ਮਿਲੇਗੀ, ਬੰਧਨ ਵਿਚ ਪੈਣਗੇ, ਪੱਕੇ ਅੰਬ ਦੀ ਤਰ੍ਹਾਂ ਚੂਸੇ ਜਾਨਗੇ, ਉਨੀਂ ਨੂੰ ਮਾਤਾ ਮਰਨ, ਪਿਤਾ ਮਰਨ, ਭਾਈ ਮਰਨ, ਪਤਨੀ ਮਰਨ, ਪੁੱਤਰ ਮਰਨ, ਨੂੰਹ ਨਰਨ, ਦੇ ਮਰਨ ਦਾ ਦੁੱਖ ਪ੍ਰਾਪਤ ਹੋਵੇਗਾ । ਗਰੀਬੀ, ਦੁਰਭਾਗ, ਅਨਿਸ਼ਟ, ਸੰਜੋਗ, ਚੰਗੀ ਚੀਜ ਦਾ ਵਿਛੋੜਾ ਆਦਿ ਦੁੱਖ ਤੇ ਬੁਰੇ ਵਿਚਾਰਾਂ ਦਾ ਪਾਤਰ ਬਨਣਾ ਪਵੇਗਾ ਉਹ ਅਨਾਦਿ, ਅਨੰਤ ਤੇ ਲੰਬੇ ਫਾਸਲੇ ਵਾਲੇ ਚਾਰ ਗਤਿਰੂਪੀ ਸੰਸਾਰ ਜੰਗਲ ਵਿਚ ਭਟਕਨਗੇ, ਉਨ੍ਹਾਂ ਨੂੰ ਸਿਧੀ (ਮੋਕਸ਼) ਪ੍ਰਾਪਤ ਨਹੀਂ ਹੋਵੇਗੀ, ਦੁੱਖਾਂ ਦਾ ਖਾਤਮਾ ਨਹੀਂ ਹੋਵੇਗਾ, ਬੱਸ ਇਸ ਤੁਲਾ (ਤਕੜੀ) ਨਾਲ, ਇਸੇ ਪ੍ਰਮਾਣ ਨਾਲ ਇਨ੍ਹਾਂ ਦੀ ਸਮੋਮਰਨ (ਧਰਮ ਸਿਧਾਂਤਾਂ ਦੇ) ਸਿਧਾਂਤ ਨੂੰ ਕਸੋ, ਨਾਪੋ ਤੇ ਸਮਝੋ । ਜੋ ਉਤੱਮ ਸ਼੍ਰਮਣ ਤੇ ਬ੍ਰਾਹਮਣ

ਇਸ ਪ੍ਰਕਾਰ ਆਖਦੇ ਹਨ —"ਸਾਰੇ ਪ੍ਰਾਣੀ ਭੂਤ, ਜੀਵ ਤੇ ਸਤੱਵਾ ਦਾ ਹਨਣ ਨਹੀਂ ਕਰਨਾ ਚਾਹੀਦਾ, ਅਜੇਹੀ ਹਿੰਸਾ ਦੀ ਆਗਿਆ ਨਹੀਂ ਦੇਣੀ ਚਾਹੀਦੀ, ਕਿਸ਼ੇ ਨੂੰ ਦਾਸ ਦਾਸੀ ਬਨਾ ਕੇ ਹੁਕਮ ਨਹੀਂ ਦੇਣਾ ਚਾਹੀਦਾ," ਅਜੇਹੇ ਪਵਿਤਰ ਪੁਰਸ਼ ਛੇਦਨ ਭੇਦਨ (ਦੁੱਖਾ) ਦਾ ਕਾਰਣ ਨਹੀਂ ਬਨਦੇ ਉਹ ਜਨਮ, ਜਰਾ, ਮਰਨ, ਯੋਨੀ, ਜਨਮ, ਸ਼ੰਸਾਰ, ਪੁਰਨ ਜਨਮ, ਗਰਮ ਤੇ ਸੰਸਾਰ ਦੇ ਸੰਸਾਰ ਦੇ ਦੁੱਖਾਂ ਵਿਚ ਨਹੀਂ ਫਸਦੇ, ਉਹ ਦੰਡ ਦੇ ਭਾਗੀ ਨਹੀਂ ਬਨਦੇ, ਕੋਈ ਉਨਾਂ ਦਾ ਸਿਰ ਨਹੀਂ ਮੁਨਾ ਸਕਦਾ, ਦੁੱਖ ਤੇ ਭੁੱਖ ਦਾ ਕਾਰਣ ਨਹੀਂ ਬਨਦੇ। ਉਹ ਅਨਾਦੀ, ਅਨੰਤ, ਦੀਰਘਸਮੇਂ ਵਾਲੀ ਸੰਜਾਰ ਸਾਗਰ ਰੂਪੀ ਸੰਸਾਰ ਅਟਵੀ ਵਿੱਚ ਨਹੀਂ ਅਟਕਦੇ। ਅਜੇਹੇ ਜੀਵ ਹੀ ਸਿੱਧ ਅਵਸਥਾ ਪ੍ਰਾਪਤ ਕਰਦੇ ਹਨ, ਬੁੱਧ ਹੁੰਦੇ ਹਨ ਅਤੇ ਮੁੱਕਤ ਹੁੰਦੇ ਹਨ। (41)

# ਤੀਸਰਾ ਅਧਿਐਨ ਆਹਾਰ ਪਰਿਗਿਆ

ਇਸ ਅਧਿਐਨ ਵਿਚ ਜੀਵਾਂ ਦੇ ਭੋਜਨ (ਆਹਾਰ) ਸਬੰਧੀ ਭਿੰਨ ਭਿੰਨ ਪ੍ਰਕਾਰ ਨਾਲ ਚਰਚਾ ਕੀਤੀ ਗਈ ਹੈ। ਭੋਜਨ ਜਿੰਦਗੀ ਦੀ ਮਹਤਵ ਪੂਰਨ ਜਰੂਰਤ ਹੈ ਸ਼ਰੀਰ ਦਾ ਵਿਕਾਸ ਭੋਜਨ ਤੋਂ ਬਿਨਾ ਅਸੰਭਵ ਹੈ। ਭੋਜਨ ਹਰ ਰੋਜ ਦੀ ਜ਼ਰੂਰਤ ਹੈ ਸਾਧੂ ਪੁਰਸ਼ ਸਾਤਵਿਕ ਸ਼ੁਧ ਤੇ ਦੋਸ਼ ਰਹਿਤ ਗ੍ਰਹਿਣ ਕਰਦੇ ਹਨ ਇਸ ਦੇ ਉਲਟ ਅਵਿਵੇਕੀ ਲੋਕ ਗਲਤ ਤੇ ਦੋਸ਼ ਪੂਰਨ ਭੋਜਨ ਕਰਦੇ ਹਨ।

ਇਸ ਅਧਿਐਨ ਵਿਚ ਸਥਾਵਰ ਤੇ ਤਰਸ ਪ੍ਰਾਣੀਆਂ ਦੇ ਭੋਜਨ ਦਾ ਜਿਕਰ ਹੈ। ਇਹ ਅਧਿਐਨ ਵਿਗਿਆਨਕ ਪਖੋਂ ਕਾਫੀ ਮਹਤਵਪੂਰਨ ਹੈ ਇਸ ਅਧਿਐਨ ਤੋਂ ਪਤਾ ਲਗਦਾ ਹੈ ਕਿ ਬਿਨਾ ਯੰਤਰ ਜੈਨ ਤੀਰਥੰਕਰ ਨੇ ਜੀਵਾਂ ਦੀ ਸਥਿਤੀ, ਕਿਸਮਾਂ, ਸਰੀਰ ਭੋਜਨ ਬਾਰੇ ਸੂਖਮ ਗਿਆਨ ਰਖਦੇ ਸਨ। ਬਨਸਪਤੀ ਬਾਰੇ ਜੈਨ ਧਰਮ ਦੀ ਵਿਗਿਆਨਕ ਮਾਨਤਾ ਨੂੰ ਡਾਟਕਰ ਜਗਦੀਸ਼ ਚੰਦਰ ਬਾਸੂ ਨੇ ਠੀਕ ਸਿਧ ਕਰ ਦਿਤਾ ਹੈ।

ਸ਼ੁਰੂ ਵਿਚ ਬੀਜ ਕਾਈਆਂ (ਬੀਜ ਹੀ ਜਿੰਨਾਂ ਦਾ ਸ਼ਰੀਰ ਹੈ) ਉਹ ਹਨ ਅਗਰਬੀਜ, ਮੂਲਬੀਜ, ਪਰਵਬੀਜ ਤੇ ਸੰਕਧ ਬੀਜ ਦੇ ਭੋਜਨ ਦਾ ਜਿਕਰ ਹੈ।

(1) ਪ੍ਰਿਥਵੀ, (2) ਪਾਣੀ, (3) ਅੱਗ, (4) ਹਵਾ, (5) ਬਨਸਪਤਿ ਸਥਾਵਰ ਜੀਵ ਹਨ ਅਤੇ ਇਕ ਇੰਦਰੀ ਹਨ। ਦੋ ਇੰਦਰੀਆਂ ਤੋਂ ਲੈ ਕੇ ਪੰਜ ਇੰਦਰੀਆਂ ਵਾਲੇ ਸਾਰੇ ਤਰੱਸ ਜੀਵ ਹਨ। ਦੇਵਤਾ, ਨਾਰਕ, ਮਨੁੱਖ ਆਦਿ ਸਭ ਤਰੱਸ ਜੀਵ ਹੀ ਹਨ। ਮਨ ਹੀ ਜੀਵ ਦੇ ਵਿਕਾਸ ਦਾ ਪ੍ਰਮੁੱਖ ਸਾਧਨ ਹੈ। ਤਰੱਸ ਤੋਂ ਭਾਵ ਹੈ ਹਿਲਣ, ਚਲਨ ਵਾਲੇ ਜੀਵ।

ਇੰਦਰੀਆਂ ਦਾ ਅਰਥ ਹੈ ਗਿਆਨ ਦਾ ਸਾਧਨ। ਜਿਸ ਰਾਂਹੀ ਆਤਮਾ ਪਦਾਰਥ

ਦਾ ਗਿਆਨ ਕਰਦੀ ਹੈ । ਉਹ ਇੰਦਰੀਆਂ ਪੰਜ ਪ੍ਰਕਾਰ ਦੀਆਂ ਹਨ ।

1. ਸਰੋਤ (ਕੰਨ) 2. ਚਕਸ਼ੂ (ਅੱਖ) 3. ਘਰਾਣ (ਨੱਕ) 4. ਰਸ (ਜੀਭ) 5. ਸਪਰਸ਼ (ਜੋ ਇੰਦਰੀ ਛੋਹ ਦਾ ਗਿਆਨ ਕਰਾਵੇ) ਮਨ ਵੀ ਇੰਦਰੀਆਂ ਦਾ ਸਹਾਇਕ ਹੈ ਪਰ ਇਸ ਦਾ ਵਿਸ਼ਾ ਅੰਦਰਲਾ ਹੈ ਬਾਹਰ ਇਸ ਦਾ ਕੋਈ ਰੂਪ ਨਹੀਂ । ਇਹ ਪੰਜੇ ਇੰਦਰੀਆਂ ਦੇ ਵਿਸ਼ਿਆਂ ਨੂੰ ਗ੍ਰਹਿਣ ਕਰਦਾ ਹੈ । ਮਨ ਆਤਮਾ ਨਹੀਂ, ਕਿਉਂਕਿ ਮਰਨ ਤੋਂ ਬਾਅਦ ਮਨ ਨਹੀਂ ਹੈ ।

ਲਟ, ਲੀਖ, ਸੰਖ, ਕਿਰਮ, ਘੁਣ ਆਦਿ ਦੋ ਇੰਦਰੀਆਂ ਵਾਲੇ ਜੀਵ ਹਨ । ਕੀੜੀ, ਚੀਚੜੀ, ਜੂੰ, ਲੀਖ, ਮਕੌੜਾ ਆਦਿ ਤਿੰਨ ਇੰਦਰੀਆਂ ਵਾਲੇ ਜੀਵ ਹਨ । ਨਾਰਕ, ਪਸ਼ੂ, ਮਨੁੱਖ ਤੇ ਦੇਵ ਪੰਜ ਇੰਦਰੀਆਂ ਜੀਵ ਹਨ ।

ਜੀਵਾਂ ਦੇ ਦੋ ਭੇਦ ਮੁੱਖ ਹਨ ਸੰਗੀ ਤੇ ਅਸੰਗੀ । ਸੰਗੀ ਪੂਰਨ ਵਿਕਸਿਤ ਮਨ ਵਾਲੇ ਹਨ । ਅਸੰਗੀ ਜੀਵਾ ਦੇ ਮਨ ਦਾ ਵਿਕਾਸ ਅਧੂਰਾ ਹੈ । ਇਸ ਅਧਿਐਨ ਵਿੱਚ ਜੀਵਾਂ ਦੇ ਭੋਜਨ ਪ੍ਰਾਪਤੀ ਦਾ ਢੰਗ ਵਰਣਨ ਕੀਤਾ ਗਿਆ ਹੈ ਨਿਕਸ਼ੇਪ ਪਖੋਂ ਭੋਜਨ ਦੇ 6 ਨਿਕਸ਼ੇਪ ਬੰਨਦੇ ਹਨ ਨਾਮ (2) ਸਥਾਪਨਾ (3) ਦਰੱਵ (4) ਖੇਤ੍ਰ (5) ਕਾਲ ਤੇ (6) ਭਾਵ ਨਾਮ ਅਤੇ ਭਾਵ ਭੋਜਨ ਦਾ ਨਾਂ ਹੈ ਸਥਾਪਨਾ ਤੋਂ ਭਾਵ ਭੋਜਨ ਸਥਾਪਿਤ ਕਰਨਾ ਹੈ । ਦਰੱਵ ਅਹਾਰ ਤੋਂ ਭਾਵ ਹੈ- ਕਿਸੇ ਦਰੱਵ ਦਾ ਭੋਜਨ ਕਰਨਾ । ਉਹ ਦਰੱਵ ਸਚਿਤ ਜੀਵਾਂ ਵਾਲਾ ਅਚਿਤ (ਜੀਵ ਰਹਿਤ) ਅਤੇ ਮਿਸ਼ਰ (ਮਿਲੀਆਂ ਜੁਲਿਆਂ) ਹੋ ਸਕਦਾ ਤਰੱਸ ਤੇ ਸਥਾਵਰ ਜੀਵ ਸਚਿੱਤ ਦਰਵ ਹਨ । ਜੀਵ ਰਹਿਤ ਦਰੱਵ ਅਚਿਤ ਦਰਵ ਹੈ । ਸਜੀਵ-ਨਿਰਜੀਵ ਦਾ ਮੇਲ ਮਿਸ਼ਰਦਰਵ ਹੈ । ਜਿਵੇਂ ਨਮਕ ਦਾ ਭੋਜਨ ਸਚਿਤ ਅਹਾਰ ਹੈ ਦੁੱਧ ਘੀ ਆਦਿ ਅਚਿੱਤ ਅਹਾਰ ਹੈ ।

ਖੇਤਰਾਹਾਰ—ਜਿਸ ਖੇਤਰ ਵਿੱਚ ਭੋਜਨ ਗ੍ਰਹਿਣ ਕੀਤਾ ਜਾਂਦਾ ਹੈ ਜਾਂ ਭੋਜਨ ਦੀ ਵਿਆਖਿਆ ਕੀਤੀ ਜਾਂਦੀ ਹੈ ।

ਕਲਾਹਾਰ—ਜਿਸ ਕਾਲ (ਸਮੇਂ) ਭੋਜਨ ਬਨਾਇਆ ਜਾਂਦਾ ਹੈ ਉਹ ਕਾਲਾਹਾਰ ਹੈ । ਭਾਵਾ-ਹਾਰ—ਪ੍ਰਾਣੀ ਭੁੱਖ ਪਿਆਸ ਦੀ ਤਕਲੀਫ ਦੇ ਪ੍ਰਗਟ ਹੋਣ ਤੇ ਜਿਸ ਵਸਤੂ ਦਾ ਭੋਜਨ ਕਰਦੇ ਹਨ ਉਹ ਭਾਵ ਅਹਾਰ ਹੈ । ਭਾਵਾਹਾਰ ਜੀਭ ਰਾਹੀਂ ਹੀ ਗ੍ਰਹਿਣ ਕੀਤਾ ਹੈ । ਸਾਰੇ ਪ੍ਰਾਣੀ ਤਿੰਨ ਪ੍ਰਕਾਰ ਦਾ ਭੋਜਨ ਕਰਦੇ ਹਨ ।

1) ਔਜ ਅਹਾਰ 2) ਰੋਮ ਅਹਾਰ 3) ਪਰਕਸ਼ੇਪ ਅਹਾਰ । ਜਦ ਤਕ ਸ਼ਰੀਰ ਦਾ ਬਾਹਰੀ ਰੂਪ (ਔਦਾਰਿਕ) ਨਹੀਂ ਬਨਦਾ, ਤੱਦ ਤਕ ਤੇਜਸ ਤੇ ਕਾਰਮਨ ਸ਼ਰੀਰ ਅਤੇ ਮਿਸ਼ਰ ਸ਼ਰੀਰ ਦਵਾਰਾ ਜੋ ਭੋਜਨ ਕੀਤਾ ਜਾਂਦਾ ਹੈ ਉਹ ਔਜ ਅਹਾਰ ਹੈ ।

ਸਾਰੇ ਅਪਰਿਆਪਤ ਜੀਵ ਔਜ ਅਹਾਰ ਨੂੰ ਗ੍ਰਹਿਣ ਕਰਦੇ ਹਨ । ਸ਼ਰੀਰ ਦੀ

ਰਚਨਾ ਪੂਰੀ ਹੋਣ ਤੇ ਜੋ ਪ੍ਰਾਣੀ ਬਾਹਰੀ ਚਮੜੀ ਜਾਂ ਰੋਗ ਰਾਹੀਂ ਭੋਜਨ ਗ੍ਰਹਿਣ ਕਰਦਾ ਹੈ ਉਹ ਰੋਮ ਅਹਾਰ ਹੈ। ਦੇਵਤੇ ਅਤੇ ਨਾਰਕੀ ਦਾ ਭੋਜਨ ਰੋਮ ਅਹਾਰ ਜਾਂ ਲੋਮ ਅਹਾਰ ਹੈ। ਇਹ ਹਮੇਸਾ ਚਾਲੂ ਰਹਿੰਦਾ ਹੈ ਮੂੰਹ ਵਿੱਚ ਬੁਰਕੀ ਪਾਕੇ ਜੋ ਭੋਜਨ ਗ੍ਰਹਿਣ ਕੀਤਾ ਜਾਂਦਾ ਹੈ, ਉਹ ਪ੍ਰਕਸ਼ੇਪ ਅਹਾਰ ਹੈ। ਇਹ ਅਹਾਰ ਸੰਗਿਆ (ਸ਼ਕਤੀ) ਦੇ ਉਤਪੰਨ ਹੋਣ ਤੇ ਕੀਤਾ ਜਾਂਦਾ ਹੈ।

ਅਹਾਰ ਸੰਗਿਆ ਦੇ ਚਾਰ ਕਾਰਣ ਹਨ। 1) ਜਠਰ ਅਗਨੀ ਤੇਜ ਹੋਣ ਤੇ 2) ਭੁੱਖ ਪਿਆਸ ਦੇ ਪ੍ਰਗਟ ਹੋਣ ਤੇ 3) ਭੋਜਨ ਦਾ ਗਿਆਨ ਹੋਣ ਤੇ 4) ਭੋਜਨ ਦੀ ਚਿੰਤਾ ਕਰਨ ਤੇ। ਕਈ ਅਚਾਰਿਆ ਦਾ ਮਤ ਹੈ ਕਿ ਜਦ ਤਕ ਇੰਦਰੀਆਂ ਪ੍ਰਾਣ, ਭਾਸ਼ਾ ਅਤੇ ਮਨ ਦੀ ਉੱਤਪਤਿ ਨਹੀਂ ਹੁੰਦੀ, ਤਦ ਤਕ ਪ੍ਰਾਣੀ ਔਜ ਅਹਾਰ ਕਰਦੇ ਹਨ। ਇੰਦਰੀਆਂ ਪ੍ਰਾਣ ਭਾਸ਼ਾ ਤੇ ਮਨ ਪਰਿਆਪਤੀ ਹੋਣ ਤੇ ਪ੍ਰਾਣੀ ਸਪਰਸ਼ ਇੰਦਰੀਆਂ ਰਾਹੀਂ ਭੋਜਨ ਕਰਦੇ ਹਨ ਉਹ ਰੋਮ ਅਹਾਰ ਹੈ। ਕਈ ਵਿਦਵਾਨਾਂ ਦੀ ਮਾਨਤਾ ਹੈ ਕਿ ਜੋ ਭੋਜਨ ਨਕ, ਅੱਖ, ਕੰਨ ਰਾਹੀਂ ਗ੍ਰਹਿਣ ਹੋ ਕੇ ਧਾਤ ਰੂਪ ਵਿਚ ਬਦਲਦਾ ਹੈ ਉਹ ਔਜ ਅਹਾਰ ਹੈ। ਜੋ ਕੇਵਲ ਚਮੜੀ ਰਾਹੀਂ ਗ੍ਰਹਿਣ ਕੀਤਾ ਜਾਂਦਾ ਹੈ ਉਹ ਰੋਮ ਅਹਾਰ ਹੈ। ਜੋ ਸਥੂਲ ਪਦਾਰਥ ਜੀਭ ਰਾਹੀਂ ਇਸ ਸ਼ਰੀਰ ਵਿਚ ਪਹੁੰਚਾਇਆ ਜਾਂਦਾ ਹੈ ਉਹ ਪਰਕਸ਼ੇਪ ਅਹਾਰ ਹੈ।

ਗਰਭ ਵਿਚ ਸਥਿਤ ਬਾਲਕ ਗਰਮ, ਠੰਡੀ ਹਵਾ ਤੇ ਪਾਣੀ ਤੋਂ ਪ੍ਰਸੰਨਤਾ ਅਨੁਭਵ ਕਰਦਾ ਹੈ ਇਸ ਦਾ ਕਾਰਣ ਸਪਰਸ਼ਣ ਇੰਦਰੀਆਂ ਰਾਹੀਂ ਗ੍ਰਹਿਣ ਕੀਤਾ ਰੋਮ ਅਹਾਰ ਹੈ। ਪਰਕਸ਼ੇਪ ਅਹਾਰ ਹਮੇਸ਼ਾ ਨਹੀਂ ਚਲਦਾ। ਇਹ ਉਦੋਂ ਹੀ ਚਲਦਾ ਹੈ ਜਦੋਂ ਆਦਮੀ ਮੂੰਹ ਵਿਚ ਭੋਜਨ ਪਾਂਦਾ ਹੈ।

ਪ੍ਰਿਥਵੀ ਕਾਈਆਂ ਆਦਿ ਤੋਂ ਲੈ ਕੇ ਇਕ ਇੰਦਰੀਆਂ ਤਕਦੇ ਸਥਾਵਰ, ਦੇਵਤੇ, ਕਵਲਾਹਾਰ (ਪ੍ਰਕੇਸ਼ਪਹਾਰ) ਨਹੀਂ ਕਰਦੇ। ਇਸ ਤੋਂ ਛੁਟ ਦੋ ਇੰਦਰੀਆਂ ਤੋਂ ਲੈ ਕੇ ਪੰਜ ਇੰਦਰੀਆਂ ਵਾਲੇ ਪਸ਼ੂ ਅਤੇ ਮਨੁਖ ਪਕੇਸ਼ਪਾਹਾਰ ਕਰਦੇ ਹਨ। ਇਸ ਭੋਜਨ ਤੋਂ ਬਿਨਾ ਸ਼ਰੀਰ ਦਾਂ ਵਿਕਾਸ ਅਸੰਭਵ ਹੈ।

ਸਵੇਤਾਂਵਰ ਪਰੰਪਰਾਂ ਅਨੁਸਾਰ ਕੇਵਲੀ ਅਰਿਹੰਤ ਭਗਵਾਨ ਵੀ ਭੋਜਨ ਕਰਦੇ ਹਨ ਕਿਉਂਕਿ ਉਨਾਂ ਦੇ ਭੋਜਨ ਦੇ ਚਾਰ ਕਾਰਣ ਬਾਕੀ ਰਹਿੰਦੇ ਹਨ :

1) ਪਰਿਆਪਤੀ 2) ਵੇਦਨੀਆਂ (ਕਰਮ) ਪ੍ਰਗਟ ਹੋਣ ਤੇ 3) ਅਹਾਰ ਨੂੰ ਪਚਾਣ ਵਾਲਾ ਤੇ ਜਸ ਸ਼ਰੀਰ ਕਾਰਣ 4) ਲੰਬੀ ਆਯੁਸ਼ ਕਰਮ ਕਾਰਣ। ਦਿਗੰਵਰ ਜੈਨ ਕੇਵਲ ਗਿਆਨ ਦੀ ਹੋਂਦ ਤੋਂ ਭੋਜਨ ਖਾਣਾ ਨਹੀਂ ਮੰਨਦੇ।

ਚਾਰ ਅਵਸਥਾਵਾਂ ਵਿਚ ਜੀਵ ਭੋਜਨ ਨਹੀਂ ਕਰਦੇ :

1. ਇਕ ਜਨਮ ਤੋਂ ਦੂਸਰੇ ਜਨਮ ਵਿਚ ਜਾਂਦਾ ਜੀਵ ਭੋਜਨ ਗ੍ਰਹਿਣ ਨਹੀਂ ਕਰਦਾ ਪਰ ਇਹ ਸਥਿਤੀ ਬਹੁਤ ਹੀ ਘੱਟ ਹੈ ਬਾਕੀ ਸਮੇਂ ਗਰਭ ਵਿਚ ਇਹ ਜੀਵ ਗ੍ਰਹਿਣ ਕਰਦੇ ਹਨ।

2. ਕੇਵਲੀ ਸਮੁਦਘਾਤ ਦੇ ਤੀਸਰੇ, ਚੌਥੇ ਤੇ ਪੰਜਵੇਂ ਸਮੇਂ ਕੇਵਲੀ ਭਗਵਾਨ ਭੋਜਨ ਨਹੀਂ ਕਰਦੇ।

3. ਸ਼ੈਲੇਸ਼ੀ ਅਵਸਥਾ ਨੂੰ ਪ੍ਰਾਪਤ ਅਯੋਗੀ ਪੁਰਸ਼ ਭੋਜਨ ਗ੍ਰਹਿਣ ਨਹੀਂ ਕਰਦੇ।

4. ਸਿਧੀ ਨੂੰ ਪ੍ਰਾਪਤ ਪ੍ਰਮਾਤਮਾ ਨਿਰਵਾਨ ਅਵਸਥਾ ਵਿਚ ਇੰਦਰੀਆਂ ਦੀ ਅਣਹੋਂਦ ਕਾਰਣ ਭੋਜਨ ਨਹੀਂ ਕਰਦੇ।

# ਤੀਸਰਾ ਅਹਾਰ ਪਰਿਗਿਆ ਅਧਿਐਨ

(ਸ੍ਰੀ ਸੁਧਰਮਾ ਸਵਾਮੀ ਆਪਣੇ ਚੇਲੇ ਸ੍ਰੀ ਜੰਬੂ ਸਵਾਮੀ ਨੂੰ ਫਰਮਾਉਂਦੇ ਹਨ)

ਹੇ ਆਯੂਸ਼ਮਾਨ। ਉਸ ਭਗਵਾਨ ਮਹਾਵੀਰ ਨੇ ਇਹ ਆਖਿਆ ਸੀ 'ਮੈਂ ਇਸ ਪ੍ਰਕਾਰ ਸੁਣਿਆ ਹੈ ਇਸ ਸਰਵੱਗ ਤੀਰਥੰਕਰ ਦੇਵ ਨੇ ਆਪਣੇ ਪ੍ਰਵਚਨ ਵਿੱਚ ਆਹਾਰ ਪਰਿਗਿਆ ਨਾ ਦੇ ਅਧਿਐਨ ਦਾ ਅਰਥ ਇਸ ਪ੍ਰਕਾਰ ਆਖਿਆ ਹੈ।

"ਇਸ ਸੰਸਾਰ ਵਿੱਚ ਪੂਰਵ ਆਦਿ ਦਿਸ਼ਾਵਾਂ ਤੋਂ ਉਪਦਿਸ਼ਾਵਾਂ ਵਿੱਚ ਚਾਰੋਂ ਪਾਸੇ ਅਤੇ ਸਾਰੇ ਲੋਕਾਂ ਵਿਚ ਚਾਰ ਪ੍ਰਕਾਰ ਦੇ ਬੀਜ ਕਾਇਆ ( ਬੀਜ ਹੀ ਜਿਨ੍ਹਾਂ ਦਾ ਸ਼ਰੀਰ ਹੈ) ਵਾਲੇ ਜੀਵ ਹੁੰਦੇ ਹਨ ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ।

1) ਅਗਰ ਬੀਜ 2) ਮੂਲ ਬੀਜ 3) ਪਰਵ ਬੀਜ 4) ਸੰਕਧ ਬੀਜ ਇਨ੍ਹਾਂ ਬੀਜ ਕਾਈਆ ਵਾਲੇ ਜੀਵਾਂ ਵਿੱਚ ਜੋ ਜਿਸ ਪ੍ਰਕਾਰ ਦੇ ਬੀਜ ਤੋਂ ਅਤੇ ਜਿਸ ਪ੍ਰਦੇਸ਼ ਵਿੱਚ ਉਤਪਨ ਹੋਣ ਦੀ ਯੋਗਤਾ ਰਖਦੇ ਹਨ।

ਉਹ ਉਸੇ ਬੀਜ ਅਤੇ ਉਸ ਪ੍ਰਦੇਸ਼ ਦੀ ਧਰਤੀ ਵਿੱਚ ਉਤਪੰਨ ਹੁੰਦੇ ਹਨ ਅਤੇ ਉਸੇ ਸਥਿਤੀ ਵਿੱਚ ਰਹਿੰਦੇ ਹਨ ਜਮੀਨ ਤੇ ਇਨ੍ਹਾਂ ਬੀਜਾਂ ਦਾ ਵਾਧਾ ਵਿਕਾਸ ਹੁੰਦਾ ਹੈ। ਜਮੀਨ ਤੇ ਪੈਦਾ ਹੋਣ, ਉਸ ਤੇ ਸਥਿਤ ਹੋਣ, ਤੇ ਉਥੇ ਹੀ ਵਾਧਾ ਪਾਉਣ ਵਾਲੇ ਉਹ ਜੀਵ, ਕਰਮ ਦੇ ਵਸ ਹੋ ਕੇ ਅਤੇ ਕਰਮਪੁਦਗਲਾ ਦੇ ਪ੍ਰਭਾਵ ਤੋਂ ਖਿਚੇ ਹੋਏ, ਧਰਤੀ ਤੇ ਦਰੱਖਤ ਰੂਪ ਵਿੱਚ ਪੈਦਾ ਹੁੰਦੇ ਹਨ, ਉਹ ਜੀਵ ਭਿੰਨ ਭਿੰਨ ਜਾਤ ਵਾਲੀ ਧਰਤੀ ਦੀ ਸਨੇਹ (ਚਿਕਨਾਹਟ) ਦਾ ਭੋਜਨ ਗ੍ਰਹਿਣ ਕਰਦੇ ਹਨ। ਇਹ ਜੀਵ ਪਿਰਥੀ, ਸ਼ਰੀਰ, ਅਗਨੀ ਸ਼ਰੀਰ ਹਵਾ ਸ਼ਰੀਰ ਤੇ ਬਨਸਪਤਿ ਸ਼ਰੀਰ ਦਾ ਭੋਜਨ ਗ੍ਰਹਿਣ ਕਰਦੇ ਹਨ। ਉਹ ਜੀਵ ਭਿੰਨ ਭਿੰਨ ਪ੍ਰਕਾਰ ਦੇ ਤਰੱਸ (ਹਿਲਣ ਵਾਲੇ) ਤੇ ਸਥਾਵਰ (ਪ੍ਰਿਥਵੀ, ਹਵਾ, ਅੱਗ, ਬਨਸਪਤਿ ਤੇ ਪਾਣੀ ਦੇ) ਪ੍ਰਾਣੀਆਂ ਦੇ ਸ਼ਰੀਰ ਨੂੰ ਅਚਿਤ (ਬੇਜਾਨ) ਕਰ ਦਿੰਦੇ ਹਨ। ਉਹ ਜਮੀਨ ਆਦਿ ਨੂੰ ਬਹੁਤ ਨੁਕਸਾਨ

ਪਹੁੰਚਾਂਦੇ ਹੋਏ ਵੀ ਧਰਤੀ ਦੇ ਕੁੱਝ ਭਾਗ ਨੂੰ ਜੀਵਾਂ ਵਾਲਾ ਕਰ ਦਿੰਦੇ ਹਨ। ਪਹਿਲਾਂ ਕੀਤੇ ਹੋਏ ਭੋਜਨ ਤੇ ਉਤਪਤਿ ਤੋਂ ਬਾਅਦ ਬਾਹਰਲੀ ਚਮੜੀ ਰਾਂਹੀ ਭੋਜਨ ਕਰਦੇ ਹੋਏ ਪ੍ਰਿਥਵੀ ਯੋਨੀ (ਜਮੀਨ ਹੀ ਜਿਨਾਂ ਦਾ ਗਰਭ ਸਥਾਨ ਹੈ ) ਦਰਖਤਾਂ ਦੇ ਦੂਸਰੇ ਸ਼ਰੀਰ ਵੀ ਭਿੰਨ-ਭਿੰਨ ਪ੍ਰਕਾਰ ਦੇ ਵਰਨ, ਗੰਧ, ਰਸ, ਸਪਰਸ਼ ਤੇ ਭਿੰਨ ਭਿੰਨ ਦੇ ਬੰਧੇ ਹੁੰਦੇ ਹਨ। ਉਹ ਜੀਵ ਕਰਮਾ ਦੇ ਵਸ ਪੈਕੇ ਸਥਾਵਰ ਯੋਨੀ ਵਿੱਚ ਪੈਦਾ ਹੁੰਦੇ ਹਨ'' ਅਜੇਹਾ ਤੀਰਥੰਕਰਾ ਨੇ ਕਿਹਾ ਹੈ। 43

ਇਸ ਤੋਂ ਬਾਅਦ ਤੀਰਥੰਕਰ ਨੇ ਬਨਾਸਪਤੀ ਕਾਇਆ ਤੋਂ ਦੂਸਰੇ ਭੇਦ ਦਾ ਸਵਰੂਪ ਦਸਿਆ ਹੈ ਕੋਈ ਬਨਸਪਤੀ ਦਰਖੱਤ ਵਿੱਚ ਹੀ ਪੈਦਾ ਹੁੰਦੀ ਹੈ ਇਸੇ ਲਈ ਉਸਨੂੰ ਬਿਰਕਸ਼ਯੋਨੀਕ ਅਖਵਾਉਂਦੇ ਹਨ :-

ਇਹ ਰੁੱਖ ਵਿੱਚ ਹੀ ਸਥਿਤ ਰਹਿੰਦੀ ਹੈ ਰੁੱਖ ਵਿੱਚ ਹੀ ਵਾਧਾ ਪਾਂਦੀ ਹੈ। ਉਹ ਜੀਵ ਕਰਮਾਂ ਦੇ ਵਸ ਪੈਕੇ ਅਤੇ ਕਰਮਾਂ ਕਾਰਣਹੀ ਉਨਾਂ ਦਰਖੱਤਾਂ ਵਿੱਚ ਦਰਖੱਤ ਰੂਪ ਵਿੱਚ ਉਤਪਨ ਹੁੰਦੇ ਹਨ। ਉਹ ਜੀਵ ਉਹਨਾਂ ਦਰਖੱਤਾਂ ਤੋਂ ਉਤਪਨ ਸਨੇਹ ਚਿਕਨਾਹਟ ਦਾ ਭੋਜਨ ਕਰਦੇ ਹਨ। ਇਸ ਤੋਂ ਛੁੱਟ ਪ੍ਰਿਥਵੀ, ਜਲ, ਅੱਗ, ਹਵਾ, ਬਨਸਪਤੀ ਸ਼ਰੀਰ ਦਾ ਭੋਜਨ ਕਰਦੇ ਹਨ। ਉਹ ਤਰੱਸ ਤੇ ਸਥਾਵਰ ਪ੍ਰਾਣੀਆਂ ਨੂੰ ਬੇਜਾਨ ਕਰ ਦਿੰਦੇ ਹਨ। ਉਹ ਪਹਿਲਾਂ ਹੀ ਖਾਏ ਹੋਏ ਬਾਅਦ ਵਿੱਚ ਚਮੜੀ ਰਾਹੀਂ ਪ੍ਰਿਥਵੀ ਆਦਿ ਸ਼ਰੀਰਾ

---

ਟਿਪਣੀ 43—ਭਾਵ ਇਸ ਸੰਸਾਰ ਵਿਚ ਕਾਈਆ (ਸ਼ਰੀਰ) ਧਾਰੀ ਜੀਵ ਹੁੰਦੇ ਹਨ ਇਹ ਜੀਵ ਚਾਰ ਪ੍ਰਕਾਰ ਦੇ ਹਨ :—

1. ਅਗਰ ਬੀਜ—ਜਿਨਾਂ ਦੇ ਪਹਿਲੇ ਹਿਸੇ ਵਿਚ ਬੀਜ ਉਤਪੰਨ ਹੋਵੇ ਉਹ ਅਗਰ ਬੀਜ ਹੈ ਜਿਵੇਂ :-ਤਿਲ, ਅੰਬ ਅਨ ਝੋਨਾ ਆਦਿ।
2. ਮੂਲ ਬੀਜ—ਜੋ ਮੂਲ ਤੋਂ ਉਤਪੰਨ ਹੁੰਦੇ ਹਨ ਉਹ ਮੂਲ ਬੀਜ ਅਕਵਾਉਂਦੇ ਹਨ ਜਿਵੇਂ :-ਅਦਰਕ ਆਦਿ।
3. ਪਰਵ ਬੀਜ—ਜੋ ਪਰਵ (ਇਕ ਹਿਸੇ) ਤੋਂ ਉਤਪਨ ਹੁੰਦੇ ਹਨ ਉਹ ਪਰਵ ਬੀਜ ਹਹ ਜਿਵਂ :-ਗੰਨਾ ਆਦਿ।
4. ਸਕੰਧ ਬੀਜ—ਜੋ ਜੜ ਤੋਂ ਪੈਦਾ ਹੁੰਦੇ ਹਨ ਉਨ ਸਕੰਦ ਬੀਜ ਹਨ।

ਇਹ ਚਾਰੇ ਪ੍ਰਕਾਰ ਦੇ ਜੀਵ ਬਨਸਪਤਿ ਕਾਇਕ ਜੀਵ ਹਨ। ਇਹ ਆਪਣੇ-ਆਪਣੇ ਬੀਜਾਂ ਤੋਂ ਉਤਪੰਨ ਹੁੰਦੇ ਹਨ। ਦੂਸਰੇ ਬੀਜਾਂ ਤੋਂ ਨਹੀਂ। ਜਿਸ ਦਰਖਤ ਦੀ ਉਤਪਤਿ ਲਈ ਜੋ ਪ੍ਰਦੇਸ਼ (ਭਾਗ) ਨਿਸ਼ਚਿਤ ਹੋ ਉਹ ਦਰੱਖਤ ਉਸੇ ਪ੍ਰਦੇਸ਼ ਤੋਂ ਉਤਪੰਨ ਹੁੰਦਾ ਹੈ। ਜਿਸ ਦੀ ਉਤਪਤਿ ਲਈ ਜੋ ਕਾਲ, ਭੂਮੀ, ਪਾਣੀ, ਅਕਾਸ਼, ਪ੍ਰਦੇਸ਼ ਅਤੇ ਬੀਜਾਂ ਦੀ ਜ਼ਰੂਰਤ ਹੈ ਇਨਾਂ ਵਿਚ ਇਕ ਦੇ ਨਾਂ ਹੋਣ ਤੇ ਵੀ ਬੀਜ ਪੈਦਾ ਨਹੀਂ ਹੁੰਦਾ। ਇਨ੍ਹਾਂ ਉਤਪਤਿ ਕਾਰਣ ਤੋਂ ਛੁਟ ਕਰਮ ਵੀ ਇਕ ਕਾਰਣ ਹੈ। ਕਰਮ ਤੋਂ ਪ੍ਰੇਰਣਾ ਤੋਂ ਪ੍ਰਾਣੀ ਬਨਸਪਤਿ

ਰਾਹੀਂ ਪਚਾ ਕੇ ਆਪਣੇ ਰੂਪ ਵਿੱਚ ਮਿਲਾ ਲੈਂਦੇ ਹਨ। ਉਨ੍ਹਾਂ ਬਿਰਕਸ਼ ਯੋਨਿਕ (ਦਰੱਖਤ ਬਨਣ ਵਾਲੇ) ਦਰੱਖਤਾਂ ਦਾ ਵਰਨ, ਗੰਧ, ਰਸ ਤੇ ਸਪਰਸ਼ ਤੇ ਦੂਸਰੇ ਸ਼ਰੀਰ ਵੀ ਹੁੰਦੇ ਹਨ, ਜੋ ਭਿੰਨ ਭਿੰਨ ਪ੍ਰਕਾਰ ਦੇ ਪੁਦਗਲਾਂ ਰਾਹੀਂ ਬਨੇ ਹੁੰਦੇ ਹਨ। ਉਹ ਜੀਵ ਕਰਮ ਦੇ ਵੱਸ ਪੈਕੇ ਬਿਰਕਸ਼ ਯੋਨਿਕ ਦਰੱਖਤਾਂ ਵਿੱਚ ਪੈਦਾ ਹੁੰਦੇ ਹਨ। ਅਜੇਹਾ ਸ੍ਰੀ ਤੀਰਥੰਕਰ ਭਗਵਾਨ ਨੇ ਆਖਿਆ ਹੈ। 44

ਸ੍ਰੀ ਤੀਰਥੰਕਰ ਦੇਵ ਨੇ ਇਸ ਪਿੱਛੋਂ ਬਨਸਪਤਿ ਕਾਈਆਂ ਦੇ ਹੋਰ ਭੇਦ ਦੱਸੇ ਹਨ। ਕਈ ਜੀਵ ਦਰੱਖਤ ਰੂਪ ਪੈਦਾ ਹੁੰਦੇ ਹਨ। ਉਸੇ ਰੂਪ ਵਿਚ ਰਹਿੰਦੇ ਹਨ। ਵਾਧਾ ਪਾਂਦੇ ਹਨ। ਇਹ ਜੀਵ ਦਰੱਖਤ ਵਿਚ ਪੈਦਾ, ਸਥਿਤ ਰਹਿਣ ਵਾਲੇ, ਦਰੱਖਤ ਵਿਚ ਹੀ ਵਿਕਾਸ ਪਾਂਦੇ ਹਨ। ਇਹ ਜੀਵ ਕਰਮ ਵੱਸ, ਕਰਮ ਕਾਰਣ ਹੀ ਇਨ੍ਹਾਂ ਦਰੱਖਤ ਰੂਪ ਵਿਚ ਪੈਦਾ ਹੁੰਦੇ ਹਨ। ਇਹ ਜੀਵ ਇਨ੍ਹਾਂ ਦਰੱਖਤਾਂ ਦੇ ਸਨੇਹ ਚਿਕਨਾਹਟ ਦਾ ਭੋਜਨ ਕਰਦੇ ਹਨ। ਇਸ ਤੋਂ ਛੁਟ ਇਹ ਜੀਵ ਪ੍ਰਿਥਵੀ, ਜਲ, ਅੱਗ, ਹਵਾ ਤੇ ਬਨਸਪਤਿ ਦਾ ਭੋਜਨ ਵੀ ਕਰਦੇ ਹਨ। ਇਹ ਜੀਵ ਪਹਿਲਾਂ ਇਨ੍ਹਾਂ ਤਰੱਸ ਤੇ ਸਥਾਵਰ ਜੀਵਾਂ ਨੂੰ ਬੇਜਾਨ ਕਰ ਦਿੰਦੇ ਹਨ। ਬੇਜਾਨ ਕੀਤੇ ਹੋਏ ਅਤੇ ਪਹਿਲਾਂ ਖਾਏ ਹੋਏ ਅਤੇ ਬਾਅਦ ਵਿਚ ਚਮੜੀ ਰਾਹੀਂ ਖਾਏ ਪ੍ਰਿਥਵੀ ਆਦਿ ਦੇ ਸ਼ਰੀਰਾਂ ਨੂੰ ਪਚਾ ਕੇ ਆਪਣੇ ਰੂਪ ਵਿਚ ਮਿਲਾ ਲੈਂਦੇ ਹਨ। ਇਹ ਬਰਿਕਸ਼ ਯੋਨਿਕ ਜੀਵਾਂ ਦੇ ਰਸ ਤੇ ਸਪਰਸ਼ ਵਾਲੇ ਦੂਸਰੇ ਸ਼ਰੀਰ ਵੀ ਹੁੰਦੇ ਹਨ। ਜੋ ਜੀਵ

---

ਕਾਇਆ ਵਿਚ ਜਨਮ ਲੈਂਦੇ ਹਨ। ਭਾਵੇਂ ਇਹ ਬਨਸਪਤਿ ਕਾਇਕ ਜੀਵ ਆਪਣੇ-ਆਪਣੇ ਬੀਜ ਅਤੇ ਆਪਣੇ ਆਪਣੇ ਸਹਕਾਰੀ ਕਾਰਣ—ਕਾਲ ਆਦਿ ਰਾਹੀਂ ਉਤਪੰਨ ਹੁੰਦੇ ਹਨ। ਫੇਰ ਵੀ ਇਹ ਪ੍ਰਿਥਵੀ ਯੋਨਿਕ ਅਖਵਾਉਂਦੇ ਹਨ। ਕਿਉਂਕਿ ਇਨ੍ਹਾਂ ਜੀਵਾਂ ਦੀ ਉਤੱਪਤਿ ਦੇ ਕਾਰਣ ਜਿਵੇਂ ਬੀਜ ਆਦਿ ਪ੍ਰਿਥਵੀ ਹੀ ਹੈ। ਪ੍ਰਿਥਵੀ ਬਿਨਾ ਇਹ ਜੀਵ ਪੈਦਾ ਨਹੀਂ ਹੁੰਦੇ ਪ੍ਰਿਥਵੀ ਇਨ੍ਹਾਂ ਜੀਵਾਂ ਦਾ ਸਹਾਰਾ (ਆਸਰਾ) ਹੈ। ਇਸ ਲਈ ਇਹ ਦਰਖੱਤ ਪ੍ਰਿਥਵੀ ਯੋਨਿਕ ਹਨ। ਇਹ ਆਪਣੇ ਕਰਮ ਤੋਂ ਪ੍ਰੇਰਿਤ ਹੋਕੇ ਉਸ ਬਨਸਪਤਿ ਕਾਇਆ ਵਿਚ ਮੁੜ-ਮੁੜ ਜਮਦੇ ਹਨ। ਇਸ ਪ੍ਰਿਥਵੀ ਦੇ ਸਨੇਹ (ਚਿਕਨਾਹਟ) ਦਾ ਇਹ ਭੋਜਨ ਕਰਦੇ ਹਨ। ਇਸ ਛੁਟ ਪਾਣੀ, ਅਗਨੀ, ਹਵਾ ਅਤੇ ਬਨਸਪਤੀ ਦਾ ਭੋਜਨ ਵੀ ਇਹ ਜੀਵ ਕਰਦੇ ਹਨ। ਜਿਵੇ ਮਾਂ ਦੇ ਪੇਟ ਵਿਚ ਬੱਚਾ ਮਾਂ ਦੇ ਪੇਟ ਵਿਚ ਸਥਿਤ ਪਦਾਰਥਾਂ ਦਾ ਕਰਦਾ ਹੋਇਆ ਮਾਂ ਨੂੰ ਕਸ਼ਟ ਨਹੀਂ ਦਿੰਦਾ। ਇਸੇ ਪ੍ਰਕਾਰ ਇਹ ਜੀਵ ਪ੍ਰਿਥਵੀ ਦੇ ਸਨੇਹ (ਚਿਕਨਾਹਟ) ਦਾ ਭੋਜਨ ਕਰਦੇ ਹੋਏ ਪ੍ਰਿਥਵੀ ਨੂੰ ਕਸ਼ਟ ਨਹੀਂ ਦਿੰਦੇ। ਇਹ ਜੀਵ ਪੈਦਾ ਹੋਣ ਤੇ ਪ੍ਰਿਥਵੀ ਨੂੰ ਕੋਈ ਕਸ਼ਟ ਨਹੀਂ ਦਿੰਦੇ। ਬਨਸਪਤੀ ਕਾਇਆਂ ਦੇ ਜੀਵ ਤਰਸ ਤੇ ਸਥਾਵਰ ਦੋਹਾਂ ਪ੍ਰਕਾਰ ਦੇ ਜੀਵਾਂ ਦਾ ਭੋਜਨ ਕਰਦੇ ਹਨ। ਇਹ ਜੀਵ ਪਹਿਲਾ ਉਹਨਾਂ ਜੀਵਾਂ ਦਾ ਖਾਤਮਾ ਕਰਦੇ ਹਨ। ਅਤੇ ਭੋਜਨ ਰੂਪ ਵਿਚ ਪ੍ਰਿਥਵੀ ਦੇ ਰੂਪ ਵਿਚ

ਕਰਮ ਦੇ ਵੱਸ ਹੋਏ ਬਰਿਕਸ਼ ਯੋਨਿਕ, ਦਰੱਖਤਾਂ ਵਿਚ ਉਤਪੰਨ ਹੁੰਦੇ ਹਨ ਅਜਿਹਾ ਤੀਰਥੰਕਰਾਂ ਨੇ ਕਿਹਾ ਹੈ। 45

ਸ੍ਰੀ ਤੀਰਥੰਕਰ ਦੇਵ ਨੇ ਬਨਸਪਤਿ ਕਾਇਕ ਜੀਵਾਂ ਦੇ ਹੋਰ ਭੇਦ ਉਪਭੇਦ ਵੀ ਦੱਸੇ ਹਨ। ਇਸ ਜਗਤ ਵਿੱਚ ਕਈ ਜੀਵ ਦਰੱਖਤ ਪੈਦਾ ਹੁੰਦੇ ਹਨ, ਦਰੱਖਤ ਵਿੱਚ ਸਥਿਤ ਰਹਿੰਦੇ ਹਨ, ਦਰੱਖਤ ਵਿੱਚ ਹੀ ਵਾਧਾ ਪਾਉਂਦੇ ਹਨ। ਇਹ ਦਰੱਖਤ ਤੋਂ ਉਤਪਨ, ਦਰੱਖਤ ਵਿਚ ਹੀ ਸਥਿਤ ਅਤੇ ਵਾਧਾ ਪਾਉਣ ਵਾਲੇ ਜੀਵ, ਕਰਮ ਵਸ ਅਤੇ ਕਰਮ ਪ੍ਰੇਰਣਾ ਰਾਹੀਂ ਦਰੱਖਤਾਂ ਵਿੱਚ ਆਂਦੇ ਹਨ।

ਇਹ ਬਰਿਕਸ਼ ਯੋਨਿਕ ਦਰੱਖਤਾਂ ਵਿੱਚ ਮੂਲ ਕੰਦ, ਸਕੰਦ, ਛਾਲ, ਸ਼ਾਖਾ ਪ੍ਰਵਾਲਾ, ਪੱਤੇ, ਫੁੱਲ. ਫਲ ਤੇ ਬੀਜ ਦੇ ਰੂਪ ਵਿੱਚ ਉਤਪੰਨ ਹੁੰਦੇ ਹਨ। ਇਹ ਜੀਵ ਬਰਿਕਸ਼ ਯੋਨਿਕ ਦਰਖਤਾਂ ਦੀ ਚਿਕਨਾਹਟ ਦਾ ਭੋਜਨ ਕਰਦੇ ਹਨ। ਉਹ ਜੀਵ ਪ੍ਰਿਥਵੀ, ਜਲ, ਤੇਜ, ਹਵਾ, ਬਨਸਪਤਿ ਦੇ ਸ਼ਰੀਰ ਦਾ ਵੀ ਭੋਜਨ ਕਰਦੇ ਹਨ। ਇਹ ਜੀਵ ਭਿੰਨ ਭਿੰਨ ਪ੍ਰਕਾਰ ਦੇ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਜਾਨਦਾਰ ਸ਼ਰੀਰ ਤੋਂ ਰਸ ਖਿੱਚ ਕੇ ਉਨ੍ਹਾਂ ਨੂੰ ਬੇਜਾਨ ਕਰਦੇ ਹਨ। ਇਹ ਜੀਵ ਉਨ੍ਹਾਂ ਜੀਵ ਦੇ ਸ਼ਰੀਰ ਨੂੰ ਬੇਜਾਨ ਕਰਕੇ ਆਪਣੇ ਰੂਪ ਵਿੱਚ ਬਦਲ ਦਿੰਦੇ ਹਨ। ਇਹ ਬਰਿਕਸ਼ ਯੋਨਿਕ ਮੂਲ, ਕੰਦ, ਸੰਕਦ, ਛਾਲ, ਸ਼ਾਖਾ, ਪ੍ਰਵਾਲ ਤੇ ਬੀਜ ਰੂਪ ਜੀਵਾਂ ਦੇ ਹੋਰ ਵੀ ਸ਼ਰੀਰ ਹਨ। ਜੋ ਭਿੰਨ ਭਿੰਨ ਤਰਾਂ ਦੇ ਵਰਨ, ਗੰਧ, ਰਸ ਤੇ ਸਪਰਸ਼ ਵਾਲੇ ਤੇ ਭਿੰਨ ਭਿੰਨ ਪੁਦਗਲਾਂ (ਮੈਟਰ) ਤੋਂ ਬਣਦੇ ਹਨ। ਉਹ ਜੀਵ ਕਰਮ ਵਸ ਹੋ ਕੇ ਉਥੇ ਜਨਮ ਲੈਂਦੇ ਹਨ ਅਜਿਹਾ ਤੀਰਥੰਕਰ ਨੇ ਕਿਹਾ ਹੈ। 46।

ਸ੍ਰੀ ਤੀਰਥੰਕਰ ਹੋਰ ਵੀ ਬਨਸਪਤਿ ਕਾਇਆ ਜੀਵਾਂ ਦੇ ਭੇਦ ਤੇ ਉਪਭੇਦ ਦੱਸੇ ਹਨ। ਇਸ ਜਗਤ ਵਿਚ ਕਈ ਜੀਵ ਦਰੱਖਤ ਤੋਂ ਉਤਪੰਨ ਹੁੰਦੇ ਹਨ ਦਰੱਖਤ ਵਿਚ ਸਥਿਤ ਰਹਿੰਦੇ ਹਨ ਦਰੱਖਤ ਵਿਚ ਹੀ ਵਾਧਾ ਪਾਂਦੇ ਹਨ। ਇਸ ਤਰ੍ਹਾਂ ਦਰਖਤ ਤੋਂ ਉਤਪਨ, ਸਥਿਤ ਤੇ ਵਾਧਾ ਪਾਨ ਵਾਲੇ ਕਰਮ ਅਧੀਨ, ਕਰਮ ਤੇ ਪ੍ਰੇਰਿਤ ਹੋ ਕੇ ਬਰਿਕਸ਼ ਯੋਨੀਕ ਅਧਿਆਰੁਹ ਨਾਮਕ ਬਨਸਪਤਿ ਦੇ ਰੂਪ ਵਿਚ ਉਤਪੰਨ ਹੁੰਦੇ ਹਨ। ਉਹ ਜੀਵ ਬਰਿਕਸ਼ਯੋਨੀਕ ਦਰੱਖਤਾਂ ਦੀ ਚਿਕਨਾਹਟ ਦਾ ਭੋਜਨ ਕਰਦੇ ਹਨ। ਇਹ ਜੀਵ ਵੀ ਪ੍ਰਿਥਵੀ ਤੋਂ ਲੈਕੇ ਬਨਸਪਤਿ ਕਾਈਆ ਸਾਰੇ ਸ਼ਰੀਰਾਂ ਦਾ ਭੋਜਨ ਕਰਦੇ ਹਨ। ਇਥੋਂ ਤਕ ਇਨ੍ਹਾਂ

---

ਬਦਲ ਦਿੰਦੇ ਹਨ। ਇਨਾ ਦੇ ਪੱਤੇ, ਫੁਲ, ਫਲ, ਮੂਲ, ਸਾਖਾਂ. ਉਪਸਾਖਾਂ ਆਦਿ ਕਿੰਨੇ-ਕਿੰਨੇ ਰੰਗ, ਰਸ, ਰਚਨਾ ਤੇ ਗੁਣ ਵਾਲੇ ਹੁੰਦੇ ਹਨ। ਖਾਦ ਆਦਿ ਮਿਲਣ ਤੇ ਬਨਸਪਤੀ ਕਾਇਆਂ ਦੇ ਜੀਵ ਵਾਧਾ ਪ੍ਰਾਪਤ ਕਰਦੇ ਹਨ ਨਾ ਮਿਲਣ ਤੇ ਸੁਕ ਜਾਂਦੇ ਹਨ। ਇੰਨਾ ਗਲਾਂ ਨੂੰ ਵੇਖਦੇ ਹੋਏ ਸਿੱਧ ਹੁੰਦਾ ਹੈ ਕਿ ਬਨਸਪਤੀ ਕਾਇਆ ਇਕ ਜੀਵ ਹੈ ਸਾਧੂ ਨੂੰ ਸ਼ਕਤੀ ਅਨੁਸਾਰ ਬਨਾਸਪਤੀ ਕਾਈਆ ਦੀ ਹਿੰਸਾ ਤੋਂ ਬਚੱਣਾ ਚਾਹਿਦਾ।

ਨੂੰ ਆਪਣੇ ਰੂਪ ਵਿਚ ਮਿਲਾ ਲੈਂਦੇ ਹਨ। ਉਸ ਬਰਿਕਸ ਯੌਨਿਕ ਦਰੱਖਤ ਦੇ ਭਿੰਨ ਭਿੰਨ ਤਰ੍ਹਾਂ ਦੇ ਵਰਨ, ਗੰਧ, ਰਸ ਤੇ ਸਪਰਸ਼ ਅਨੇਕਾਂ ਕਿਸਮਾਂ ਦੀ ਰਚਨਾ ਵਾਲੇ ਸ਼ਰੀਰ ਹਨ। ਇਨ੍ਹਾਂ ਸ਼ਰੀਰਾਂ ਨੂੰ ਅਪਣੇ ਪਿਛਲੇ ਕਰਮਾਂ ਦੇ ਪ੍ਰਭਾਵ ਸਦਕਾ ਜੀਵ ਪ੍ਰਾਪਤ ਕਰਦਾ ਹੈ ਅਜਿਹਾ ਸ਼੍ਰੀ ਤੀਰਥੰਕਰ ਨੇ ਕਿਹਾ ਹੈ। 47।

ਸ਼੍ਰੀ ਤੀਰਥੰਕਰ ਭਗਵਾਨ ਨੇ ਬਨਸਪਤਿ ਕਾਇਆ ਦੇ ਹੋਰ ਵੀ ਭੇਦ ਦੱਸੇ ਹਨ ਕਈ ਪ੍ਰਾਣੀ ਪਹਿਲਾ ਦਸੇ ਅਧਿਆਰੂਹ ਦਰੱਖਤਾਂ ਵਿਚ ਪੈਦਾ ਹੁੰਦੇ ਹਨ। ਉਨ੍ਹਾਂ ਵਿਚ ਸਥਿਤ ਹੋ ਕੇ, ਵਾਧਾ ਪ੍ਰਾਪਤ ਕਰਦੇ ਹਨ। ਉਹ ਜੀਵ ਕਰਮਾਂ ਤੋਂ ਪ੍ਰੇਰਿਤ ਹੋ ਕੇ ਉਥੇ ਆ ਕੇ, ਬ੍ਰਿਕਸਯੋਨਿਕ ਅਧਿਆਰੂਹ ਦੇ ਦਰਖਤਾਂ ਵਿਚ ਅਧਿਆਰੂਹ ਵਿਚ ਉਤਪੰਨ ਹੁੰਦੇ ਹਨ, ਉਹ ਜੀਵ ਬਿਕਸੁਯੋਨਿਕ ਅਧਿਆਰੂਹਾਂ ਦੀ ਚਿਕਨਾਹਟ ਦਾ ਭੋਜਨ ਕਰਦੇ ਹਨ। ਉਹ ਜੀਵ ਪ੍ਰਿਥਵੀ, ਜਲ, ਅੱਗ, ਹਵਾ ਤੇ ਬਨਾਸਪਤਿ ਦੇ ਸ਼ਰੀਰ ਦਾ ਵੀ ਭੋਜਨ ਕਰਦੇ ਹਨ। ਭੋਜਨ ਕਰਕੇ ਉਨ੍ਹਾਂ (ਦਰਖਤਾਂ) ਨੂੰ ਅਪਣੇ ਸ਼ਰੀਰ ਵਿਚ ਬਦਲ ਦਿੰਦੇ ਹਨ। ਅਧਿਆਰੂਹ (ਯੋਨੀਕ) ਦੇ ਅਨੇਕਾਂ ਰੰਗ, ਗੰਧ, ਰਸ, ਸਪਰਸ਼ ਤੇ ਅਕਾਰ ਵਾਲੇ, ਅਨੇਕਾਂ ਪ੍ਰਕਾਰ ਦੇ ਸ਼ਰੀਰ ਹਨ ਅਜਿਹਾ ਸ਼੍ਰੀ ਤੀਰਥੰਕਰਾ ਭਗਵਾਨ ਨੇ ਕਿਹਾ ਹੈ। 48।

ਸ਼੍ਰੀ ਤੀਰਥੰਕਰ ਦੇਵ ਨੇ ਬਨਾਸਪਤਿ ਕਾਇਆ ਦੇ ਹੋਰ ਵੀ ਭੇਦ ਦਸੇ ਹਨ ਇਸ ਸੰਸਾਰ ਵਿਚ ਕਈ ਜੀਵ ਅਧਿਆਰੂਹ ਦਰੱਖਤਾਂ ਤੋਂ ਪੈਦਾ ਹੁੰਦੇ ਹਨ (ਬਾਕੀ ਦਾ ਵਰਨਣ ਅਧਿਆਰੂਹ ਅਨੁਸਾਰ 47 ਤੋਂ 49) ਸਮਝ ਲੈਣਾ ਚਾਹੀਦਾ ਹੈ। 49।

ਸ਼੍ਰੀ ਤੀਰਥੰਕਰ ਦੇਵ ਨੇ ਅਧਿਆਰੂਹ ਦਰੱਖਤ ਦੇ ਹੋਰ ਵੀ ਭੇਦ ਦਸੇ ਹਨ ਸੰਸਾਰ ਵਿਚ ਕਈ ਜੀਵ ਅਧਿਆਰੂਹ ਦਰੱਖਤਾਂ ਤੋਂ ਅਧਿਆਰਹ ਵਿਚ ਉਤਪਨ ਹੋਕੇ ਸਥਿਤੀ, ਤੇ ਵਾਧਾ ਪ੍ਰਾਪਤ ਕਰਦੇ ਹਨ। ਉਹ ਪਿਛਲੇ ਕਰਮਾ ਦੇ ਪੁਦਗਲਾ ਤੋਂ ਪ੍ਰਭਾਵਿਤ ਹੋਕੇ ਇਸ ਦਰੱਖਤ ਰੂਪ ਅਧਿਆਰੂਹ ਦਰੱਖਤਾਂ ਦੇ ਮੂਲ, ਕੰਦ, ਸਕੰਧ, ਪ੍ਰਵਾਲ, ਸ਼ਾਖਾ, ਛਾਲ, ਸਾਲ, ਆਦਿ ਤੋਂ ਲੈਕੇ ਬੀਜ ਰੂਪ ਵਿਚ ਪੈਦਾ ਹੁੰਦੇ ਹਨ। ਇਹ ਅਧਿਆਰੂਹ ਯੋਨਿਕ,

---

ਟਿਪਣੀ 43-50 :—ਇਨ੍ਹਾਂ ਪਾਠਾਂ ਵਿਚ ਸ਼ਾਸਤਰਕਾਰ ਨੇ ਬਨਸਪਤਿ ਕਾਈਆ ਦੇ ਹੇਠ ਲਿਖੇ ਜੀਵਾਂ ਦੀ ਉਤਪਤਿ, ਸਥਿਤੀ, ਵਾਧਾ, ਰਚਨਾ ਤੇ ਭੋਜਨ ਦਾ ਵਰਨਣ ਕੀਤਾ ਹੈ।

1. ਬੀਜ ਕਾਇਆ ਨਾਮਕ ਬਨਾਸਪਤਿ ਕਾਈਆ ਪ੍ਰਿਥਵੀ ਤੋਂ ਪੈਦਾ ਹੋਣ ਵਾਲੇ ਦਰਖੱਤਾਂ ਦੇ ਭੋਜਨ ਦਾ ਵਰਨਣ।
2. ਦਰਖੱਤ ਤੋਂ ਉਤਪੰਨ ਹੋਣ ਵਾਲੇ ਬਰਿਕਸ਼ਯੋਨਿਕ ਦਰਖੱਤਾਂ ਦੇ ਭੋਜਨ ਦਾ ਵਰਨਣ।
3. ਬਰਿਕਸ਼ਯੋਨਿਕ ਦਰਖੱਤ ਵਿਚ ਹੀ ਪੈਦਾ ਹੋਣ ਵਾਲੇ ਦਰੱਖਤਾਂ ਦੇ ਭੋਜਨ ਦਾ ਵਰਨਣ।

ਅਧਿਆਰੂਹ ਦਰੱਖਤਾਂ ਦੇ ਸਨੇਹ ਦਾ ਭੋਜਨ ਗ੍ਰਹਿਣ ਕਰਦੇ ਹਨ। ਇਹ ਜੀਵ ਉਨ੍ਹਾਂ ਅਧਿਆਰੂਹ ਯੋਨਿਕ ਦਰੱਖਤਾਂ ਦੇ ਮੂਲ ਤੋਂ ਲੈਕੇ ਬੀਜ ਤਕ ਭਿੰਨ ਭਿੰਨ ਪ੍ਰਕਾਰ ਦੇ ਵਰਨ ਗੰਧ, ਰਸ ਤੇ ਸਪਰਸ਼ ਤੇ ਰਚਨਾ ਵਾਲੇ ਦੂਸਰੇ ਹੋਰ ਸ਼ਰੀਰ ਵਿਚ ਹੀ ਹਨ। ਅਜੇਹਾ ਤੀਰਥੰਕਰ ਭਗਵਾਨ ਨੇ ਕਿਹਾ ਹੈ। 50।

ਸ਼੍ਰੀ ਤੀਰਥੰਕਰ ਭਗਵਾਨ ਨੇ ਬਨਸਪਤਿ ਕਾਇਆ ਜੀਵਾਂ ਦੇ ਹੋਰ ਵੀ ਭੇਦ ਦੱਸੇ ਹਨ। ਕਈ ਜੀਵ ਪ੍ਰਿਥਵੀ ਤੇ ਪੈਦਾ ਹੁੰਦੇ ਹਨ, ਪ੍ਰਿਥਵੀ ਤੇ ਸਥਿਤ ਹੁੰਦੇ ਹਨ, ਪ੍ਰਿਥਵੀ ਤੇ ਵਾਧਾ ਪਾਂਦੇ ਹਨ, ਇਥੋਂ ਤੱਕ ਕਿ ਉਹ ਜੀਵ ਭਿੰਨ ਭਿੰਨ ਤਰ੍ਹਾਂ ਦੀ ਜਾਤ ਵਾਲੀ ਪ੍ਰਿਥਵੀ ਘਾਹ ਰੂਪ ਵਿਚ ਪੈਦਾ ਹੁੰਦੇ ਹਨ। ਜਮੀਨ ਦੀ ਸਨੇਹ (ਚਿਕਨਾਹਟ) ਜਾਂ ਰਸ ਤੋਂ ਭੋਜਨ ਕਰਦੇ ਹਨ। ਓਹ ਜੀਵ ਕਰਮ ਤੋਂ ਪ੍ਰੇਰਿਤ ਹੋਕੇ ਘਾਹ ਰੂਪ ਯੋਨੀ ਵਿਚ ਪੈਦਾ ਹੁੰਦੇ ਹਨ। ਅਗੋਂ ਦਾ ਵਰਨਣ ਪਹਿਲਾਂ ਦੀ ਤਰ੍ਹਾਂ ਹੀ ਸਮਝ ਲੈਣਾ ਚਾਹੀਦਾ ਹੈ ਅਜੇਹਾ ਤੀਰਥੰਕਰਾ ਨੇ ਕਿਹਾ ਹੈ। 51

ਇਸੇ ਪ੍ਰਕਾਰ ਕਈ ਜੀਵ ਪ੍ਰਿਥਵੀ ਯੋਨਿਕ ਘਾਹਵਿਚੋਂ ਹੀ ਘਾਹ ਦੇ ਰੂਪ ਵਿੱਚ ਪੈਦਾ ਹੁੰਦੇ ਹਨ। ਸਥਿਤ ਰਹਿੰਦੇ ਹਨ। ਵਾਧਾ ਪਾਂਦੇ ਹਨ (ਬਾਕੀ ਦਾ ਵਰਣ ਪਹਿਲਾਂ ਦੀ 51 ਸੂਤਰ ਸਮਝਨਾ ਚਾਹਿਦਾ ਹੈ) ਇਸੇ ਪ੍ਰਕਾਰ ਕਈ ਜੀਵ ਘਾਹ ਤੋਂ ਘਾਹ ਰੂਪ ਪੈਦਾ ਹੁੰਦੇ ਹਨ ਉਹ ਜੀਵ ਤ੍ਰਿਣ ਯੋਨਿਕ ਤ੍ਰਿਨਾਂ ਦੇ ਮਨੇਹ ਸ਼ਰੀਰ ਭੋਜਨ ਗ੍ਰਹਿਣ ਕਰਦੇ ਹਨ। ਬਾਕੀ ਦਾ ਵਰਨਣ 51 ਸੂਤਰ ਦੀ ਤਰਾਂ ਹੈ। ਇਸੇ ਤਰਾਂ ਕਈ ਜੀਵ ਆਦਿ ਤ੍ਰਿਣ ਯੋਨਿਕ ਤ੍ਰਿਣਾਂ ਵਿੱਚ ਮੂਲ ਤੋਂ ਲੈ ਕੇ ਬੀਜ ਵਿੱਚ ਪੈਦਾ ਹੁੰਦੇ ਹਨ ਇਹ ਜੀਵਾਂ ਦਾ ਵਰਨਣ ਪਹਿਲਾਂ ਦੀ ਤਰਾਂ ਸਮਝਨਾ ਚਾਹਿਦਾ ਹੈ।52

---

4. ਬਰਿਕਸ਼ਯੋਨਿਕ ਦਰਖੱਤਾਂ ਵਿਚ ਪੈਦਾ ਹੋਣ ਵਾਲੇ ਅਧਿਆਰੂਹ ਨਾਮ ਦੇ ਦਰਖੱਤ ਦੇ ਭੋਜਨ ਬਾਰੇ।
5. ਅਧਿਆਰੂਹ ਦਰਖੱਤ ਵਿਚ ਉਤਪਨ ਹੋਣ ਵਾਲੇ ਅਧਿਆਰੂਹ ਨਾਂ ਦੇ ਦਰਖੱਤ ਦੇ ਭੋਜਨ ਦਾ ਵਰਨਣ।
6. ਅਧਿਆਰੂਹ ਦਰਖੱਤਾਂ ਵਿਚ ਉਤਪਨ ਹੋਣ ਵਾਲੇ ਅਧਿਆਰੂਹ ਦਰਖਤਾਂ ਦੇ ਭੋਜਨ ਦਾ ਵਰਨਣ।
7. ਉਨ੍ਹਾਂ ਅਧਿਆਰਹ ਦਰਖੱਤਾਂ ਵਿਚ ਉਤਪਨ ਹੋਣ ਵਾਲੇ ਅਧਿਆਰੂਹ ਦਰਖੱਤਾਂ ਵਿਚ ਵੀ ਉਤਪਨ ਅਧਿਆਰੂਹ ਦਰਖੱਤਾਂ ਦੇ ਭੋਜਨ ਦਾ ਵਰਨਣ।
8. ਉਨ੍ਹਾਂ ਅਧਿਆਰੂਹ ਦਰਖੱਤਾਂ ਵਿਚ ਹੀ ਉਨ੍ਹਾਂ ਦੇ ਅੰਗ ਰੂਪ ਵਿਚ ਪੈਦਾ ਹੋਣ ਵਾਲੇ ਮੂਲ, ਕੰਦ, ਸਕੰਦ, ਪੱਤੇ, ਸ਼ਾਖਾ, ਪ੍ਰਵਾਲ, ਸ਼ਾਲ, ਫੁੱਲ, ਫਲ ਅਤੇ ਬੀਜ ਰੂਪ ਅੰਗਾਂ ਦੇ ਭੋਜਨ ਦਾ ਵਰਨਣ।

ਇਸ ਪ੍ਰਕਾਰ ਦਵਾਈਆਂ ਦੇ ਵੀ ਚਾਰ ਅਲਾਪਕ (ਬੋਲ) ਅਤੇ ਹਰਿਤ ਕਾਇਆ (ਹਰਿਆਲੀ) ਦੇ ਚਾਰ ਅਲਾਪਕਾ ਦਾ ਵਰਨਣ ਪਹਿਲਾਂ ਦੀ ਤਰਾਂ ਸਮਝਨਾ ਚਾਹਿਦਾ ਹੈ। 53

ਸ੍ਰੀ ਤੀਰਥੰਕਰ ਪ੍ਰਭੂ ਨੇ ਬਨਸਪਤਿ ਕਾਈਆਂ ਦੇ ਹੋਰ ਵੀ ਭੇਦ ਫੁਰਮਾਏ ਹਨ। ਇਸ ਸੰਸਾਰ ਵਿੱਚ ਕਈ ਜੀਵ ਪ੍ਰਿਥਵੀ ਤੋਂ ਉਤਪੰਨ ਹੁੰਦੇ ਹਨ ਉਸੇ ਵਿੱਚ ਸਥਿਤ ਹੁੰਦੇ ਹਨ ਉਸੇ ਵਿਚ ਵਾਧਾ ਵੀ ਪਾਂਦੇ ਹਨ। ਉਥੇ ਕਰਮਾ ਤੋਂ ਪ੍ਰੇਰਿਤ ਹੋਕੇ ਉਤਪੰਨ ਹੁੰਦੇ ਹਨ । ਉਹ ਭਿੰਨ ਭਿੰਨ ਪ੍ਰਕਾਰ ਯੋਨ ਵਾਲੀ ਪ੍ਰਿਥਵੀ ਵਿੱਚ ਆਰਿਆ, ਵਾਯ, ਕਾਯ, ਕੁਹਣ, ਕੰਦੁਕ, ਉਪਹੇਣੀ, ਨਿਰਵੇਹਣੀ, ਸਛੱਤਰ, ਛੱਤਰਕ, ਵਾਸਨੀ ਤੇ ਕੂਰ ਨਾਂ ਦੀ ਬਨਸਪਤਿ ਦੇ ਰੂਪ ਵਿੱਚ ਉਤਪੰਨ ਹੁੰਦੇ ਹਨ। ਇਹ ਜੀਵ ਭਿੰਨ ਭਿੰਨ ਯੋਨੀਆਂ ਵਾਲੀ ਪ੍ਰਿਥਵੀ ਕਾਈਆਂ ਦੀ ਚਿਕਨਾਹਟ (ਰਸ) ਤੋਂ ਭੋਜਨ ਗ੍ਰਹਿਣ ਕਰਦੇ ਹਨ। ਪ੍ਰਿਥਵੀ ਕਾਈਆਂ ਆਦਿ ਛੇ ਕਾਈਆਂ ਦੇ ਜੀਵਾਂ ਦੇ ਸ਼ਰੀਰ ਤੋਂ ਭੋਜਨ ਪ੍ਰਾਪਤ ਕਰਦੇ ਹਨ । ਪਹਿਲਾਂ ਉਨ੍ਹਾਂ ਤੋਂ ਰਸ ਖਿਚ ਕੇ ਉਨ੍ਹਾਂ ਜੀਵਾਂ ਨੂੰ ਬੇਜਾਨ (ਪ੍ਰਾਸੁਕ) ਕਰ ਦਿੰਦੇ ਹਨ ਫੇਰ ਉਨ੍ਹਾਂ ਜੀਵਾਂ ਨੂੰ ਆਪਣੇ ਰੂਪ ਵਿੱਚ ਬਦਲ ਲੈਂਦੇ ਹਨ। ਇਸ ਪ੍ਰਿਥਵੀ ਤੋਂ ਉਤਪੰਨ ਆਰਿਆ ਬਨਸਪਤਿ ਤੋਂ ਕੂਰ ਬਨਸਪਤਿ ਤਕ ਦੇ ਭਿੰਨ ਭਿੰਨ ਵਰਨ, ਗੰਧ, ਰਸ, ਸਪਰਸ਼, ਆਕਾਰ-ਪ੍ਰਕਾਰ ਤੇ ਢਾਂਚੇ ਵਾਲੇ ਹੋਰ ਸ਼ਰੀਰ ਵੀ ਹੁੰਦੇ ਹਨ। ਇਨ੍ਹਾਂ ਦਾ ਇਕ ਹੀ ਅਲਾਪਕ ਹੈ ਬਾਕੀ ਤਿੰਨ ਅਲਾਪਕ ਨਹੀਂ ਹੁੰਦੇ।

ਸ੍ਰੀ ਤੀਰਥੰਕਰ ਭਗਵਾਨ ਨੇ ਬਨਸਪਤਿ ਕਾਈਆਂ ਦੇ ਹੋਰ ਭੇਦ ਵੀ ਦੱਸੇ ਹਨ । ਇਸ ਜਗਤ ਵਿੱਚ ਕਈ ਜੀਵ ਪਾਣੀ ਵਿੱਚ ਪੈਦਾ ਹੁੰਦੇ ਹਨ ਉਸੇ ਪਾਣੀ ਵਿੱਚ ਸਥਿਤ ਹੋਕੇ ਵਾਧਾ ਪਾਂਦੇ ਹਨ । ਉਹ ਜੀਵ ਆਪਣੇ ਪਿਛਲੇ ਕਰਮਾ ਤੋਂ ਪ੍ਰੇਰਿਤ ਹੋ ਕੇ ਇਥੇ ਜਨਮਦੇ ਹਨ । ਅਨੇਕਾਂ ਪ੍ਰਕਾਰ ਦੀ ਜਾਤ ਵਾਲ ਪਾਣੀ ਵਿੱਚ ਇਹ ਜੀਵ ਦਰੱਖਤ ਰੂਪ ਵਿੱਚ ਜਨਮਦੇ ਹਨ। ਉਹ ਜੀਵ ਭਿੰਨ ਭਿੰਨ ਪ੍ਰਕਾਰ ਦੀ ਜਾਤ ਵਾਲੇ ਪਾਣੀ ਦੇ ਸਨੇਹ (ਰਸ) ਤੋਂ ਭੋਜਨ ਗ੍ਰਹਿਣ ਕਰਦੇ ਹਨ ਇਹ ਜੀਵ ਪ੍ਰਿਥਵੀ, ਪਾਣੀ, ਅੱਗ, ਹਵਾ ਤੇ ਬਨਸਪਤਿ ਦੇ ਸ਼ਰੀਰ ਦਾ ਵੀ ਅਹਾਰ ਕਰਦੇ ਹਨ। ਇਨ੍ਹਾਂ ਜਲ ਯੋਨਿਕ ਦਰੱਖਤਾਂ ਦੇ ਹੋਰ ਸ਼ਰੀਰ ਵੀ ਹੁੰਦੇ ਹਨ। ਜੋ ਭਿੰਨ ਭਿੰਨ ਵਰਨ, ਗੰਧ, ਰਸ, ਸਪਰਸ਼ ਤੇ ਅਕਾਰਵਾਲੇ ਹੁੰਦੇ ਹਨ । ਜਿਵੇਂ ਪ੍ਰਿਥਵੀ ਯੋਨਿਕ ਦਰਖਤਾਂ ਦੇ ਚਾਰ ਭੇਦ ਦਸੇ ਹਨ ਉਸੇ ਤਰਾਂ ਅਧਿਆਰੂਹ, ਦਰੱਖਤ, ਤ੍ਰਿਣ ਤੇ ਹਰਿਤ ਦੇ ਚਾਰ ਅਲਾਪਕ ਆਖੇ ਗਏ ਹਨ।

---

ਟਿਪਣੀ 51-53 :— ਇਨ੍ਹਾਂ ਤਿੰਨ ਸੂਤਰਾਂ ਵਿਚ ਤ੍ਰਿਣ ਰੂਪ (ਘਾਹ), ਔਸ਼ਧਿ (ਦਵਾਈ) ਰੂਪ ਹਰਿਤ (ਹਰਿਆਲੀ) ਵਾਲੀ ਬਨਸਪਤਿਆਂ ਦੀ ਉਤਪਤਿ, ਸਥਿਤੀ, ਵਾਧਾ, ਰਚਨਾ ਤੇ ਭੋਜਨ ਦਾ ਵਰਨਣ ਪਹਿਲਾਂ ਦਾ ਤਰਾਂ ਹੈ।

ਸ਼੍ਰੀ ਤੀਰਥੰਕਰ ਦੇਵ ਨੇ ਬਨਸਪਤਿ ਦੇ ਹੋਰ ਵੀ ਭੇਦ ਦੱਸੇ ਹਨ ਇਸ ਸੰਸਾਰ ਵਿੱਚ ਕਈ ਜੀਵ ਪਾਣੀ ਤੋਂ ਉਤਪੰਨ ਹੁੰਦੇ ਹਨ, ਪਾਣੀ ਵਿੱਚ ਹੀ ਸਥਿਤ ਹੁੰਦੇ ਹਨ ਪਾਣੀ ਵਿੱਚ ਹੀ ਵਾਧਾ ਪਾਂਦੇ ਹਨ । ਉਹ ਜੀਵ ਆਪਣੇ ਪਿਛਲੇ ਕੀਤੇ ਕਰਮਾ ਤੋਂ ਪ੍ਰੇਰਿਤ ਹੋਕੇ ਬਨਸਪਤਿ ਕਾਈਆਂ ਵਿੱਚ ਆਂਦੇ ਹਨ। ਉਥੇ ਅਨੇਕਾਂ ਪ੍ਰਕਾਰ ਦੀ ਜਾਤੀ ਦੇ ਪਾਣੀ ਵਿੱਚ ਉਦਕ, ਅਵਕ, ਪਨਕ, ਸ਼ੇਵਾਲਾ, ਕਲਪਵਕ. ਹੜ, ਕਸੇਰੁਕ, ਕੱਛਭਾਣੀ ਤਕ, ਉਤਪਲ, ਪਦਮ, ਕੁਮਦ, ਨਲਿਨ, ਸੁਭਗ, ਸੋਗੰਧਿਕ, ਪੁੰਡਰਿਕ, ਮਹਾ ਪੁੰਡਰਿਕ, ਸ਼ਤਪਤਰ ਸਹਸੱਤਰਪਤਰ, ਕਲਾਹਾਰ, ਕੋਕਨੰਦ, ਅਰਵਿੰਦ, ਤਾਮਰਸ, ਵਿਸ ਮਰਿਨਾਲ, ਪੁਸ਼ਕਰ ਤੇ ਪੁਸ਼ਰਾਕਸ (ਪਾਣੀ ਦੀ ਬਨਸਪਤਿ ਦੇ ਰੂਪ) ਵਿੱਚ ਉਤਪੰਨ ਹੁੰਦੇ ਹਨ। ਇਹ ਜੀਵ ਭਿੰਨ ਭਿੰਨ ਪ੍ਰਕਾਰ ਦੇ ਪ੍ਰਾਣੀ ਦੀ ਸਨੇਹ ਤੋਂ ਭੋਜਨ ਗ੍ਰਹਿਣ ਕਰਦੇ ਹਨ ਅਤੇ ਉਹ ਪ੍ਰਿਥਵੀ ਆਦਿ ਸ਼ਰੀਰ ਦਾ ਭੋਜਨ ਕਰਦੇ ਹਨ। ਇਨ੍ਹਾਂ ਜਲ ਯੋਨਿਕ ਉਦਕ (ਕਾਈਆਂ) ਤੋਂ ਲੈਕੇ ਪੁਸ਼ਕਰਾਕਸ ਭਾਗ ਤੱਕ, ਜੋ ਬਨਸਪਤਿ ਕਾਇਆ ਜੀਵ ਦੇ ਜੋ ਭੇਦ ਆਖੇ ਹਨ, ਉਨ੍ਹਾਂ ਭਿੰਨ ਭਿੰਨ ਵਰਨ, ਗੰਧ, ਰਸ, ਸਪਰਸ਼ ਰਚਨਾ ਤੋਂ ਯੁਕਤ ਦੂਸਰੇ ਸ਼ਰੀਰ ਵੀ ਹੁੰਦੇ ਹਨ ਪਰ ਇਨ੍ਹਾਂ ਦਾ ਅਲਾਪਕ ਇਕ ਹੈ।54

ਸ਼੍ਰੀ ਤੀਰਥੰਕਰ ਦੇਵ ਨੇ ਬਨਸਪਤਿ ਕਾਇਆ ਦੇ ਹੋਰ ਵੀ ਭੇਦ ਦੱਸੇ ਹਨ ਇਸ ਸੰਸਾਰ ਵਿਚ ਕੋਈ ਜੀਵ ਉਨ੍ਹਾਂ ਪ੍ਰਿਥਵੀ ਯੋਨਿਕ ਦਰੱਖਤਾਂ ਵਿਚ ਬਰਿਕਸ਼ ਯੋਨਿਕ ਦਰੱਖਤਾਂ ਵਿਚ, ਬਰਿਕਸ਼ ਯੋਨਿਕ ਮੂਲ ਤੋਂ ਲੈਕੇ ਬੀਜ ਤਕ ਦੇ ਭਾਗਾਂ ਵਿਚ, ਬਰਿਕਸ਼ ਯੋਨਿਕ ਅਧਿਆਰੁਹ ਦਰੱਖਤਾਂ ਵਿਚ, ਅਧਿਆਰੁਹ ਯੋਨਿਕ ਮੂਲ ਤੋਂ ਲੋਕ ਬੀਜ ਤਕ ਭਾਗਾਂ ਵਿੱਚ, ਪ੍ਰਿਥਵੀ ਯੋਨਿਕ ਤ੍ਰਿਣਾ ਵਿਚ ਤ੍ਰਿਣ ਯੋਨਿਕ ਤ੍ਰਿਣਾਂ (ਘਾਹਾਂ) ਵਿਚ), ਤ੍ਰਿਣ ਯੋਨਿਕ ਮੂਲ ਤੋਂ ਲੈਕੇ ਬੀਜ ਤਰ ਭਾਗਾਂ ਵਿਚ ਇਸੇ ਤਰਾਂ ਔਸ਼ਧਿ ਤੇ ਰਹਿਤ

---

ਬਨਸਪਤਿ ਕਾਈਆਂ ਦੇ ਜੀਵ ਪ੍ਰਤੇਕ ਤੇ ਸਧਾਰਣ ਦੇ ਭੇਦ ਪਖੋਂ 24 ਲੱਖ ਯੋਨੀ ਦੇ ਰੂਪ ਦੀ ਕਿਸਮਾਂ ਵਾਲੇ ਹਨ। ਇਥੇ ਖਾਲੀ ਇਸ਼ਾਰਾ ਹੈ। ਸਾਰੇ ਬਨਸਪਤਿ ਕਾਇਆ ਦੇ ਜੀਵ ਪ੍ਰਿਥਵੀ ਦੇ ਸਨੇਹ (ਰਸ) ਤੋਂ ਭੋਜਨ ਪ੍ਰਾਪਤ ਕਰਦੇ ਹਨ। ਸਾਰੇ ਬਨਸਪਤਿ ਕਾਈਆਂ ਦੇ ਜੀਵ ਆਪਣੇ ਕਰਮ ਅਨੁਸਾਰ ਭਿੰਨ ਭਿੰਨ ਗਤਿਆਂ ਵਿਚ ਗਮਨ ਕਰਦੇ ਹਨ।

ਔਸਧੀ ਬਨਸਪਤਿ ਦੇ ਚਾਰ ਅਲਾਪਕ ਇਸ ਪ੍ਰਕਾਰ ਹਨ :—

(1) ਪ੍ਰਿਥਵੀ ਯੋਨਿਕ ਔਸਧੀ (2) ਔਸ਼ਧੀ ਯੋਨਿਕ ਔਸ਼ਧੀ (3) ਔਸ਼ਧੀ ਯੋਨਿਕ ਅਧਿਆਰੁਹ ਅਤੇ (4) ਅਧਿਆਰੁਹ ਯੋਨਿਕ ਅਧਿਆਰੁਹ।

ਇਸੇ ਤਰਾਂ ਹਰਿਤ ਕਾਇਆ ਦੇ ਚਾਰ ਅਲਾਪਕ ਹਨ

(1) ਪ੍ਰਿਥਵੀ ਯੋਨਿਕ ਹਰਿਤ (2) ਹਰਿਤ ਯੋਨਿਕ ਹਰਿਤ (3) ਹਰਿਤ ਯੋਨਿਕ ਅਧਿਆਰੁਹ (4) ਅਧਿਆਰੁਹ ਅਧਿਆਰੁਹ

ਸਬੰਧੀ ਤਿੰਨ ਬੋਲ ਆਖਣੇ ਚਾਹੀਦੇ ਹਨ। (ਜਿਵੇਂ ਪ੍ਰਿਥਵੀ ਯੋਨਿਕ ਸਬੰਧ ਆਖੇ ਹਨ) ਪ੍ਰਿਥਵੀ ਯੋਨਿਕ ਆਰੀਆ ਤੋਂ ਲੈਕੇ ਕੂਰੁ ਦਰੱਖਤਾ ਸਬੰਧੀ ਉਦੇਯੋਨਿਕ ਦਰੱਖਤਾਂ ਬਾਰੇ, ਬਰਿਕਸ਼ਯੋਨਿਕ ਦਰੱਖਤਾਂ ਬਾਰੇ, ਬਰਿਕਸ਼ਯੋਨਿਕ ਮੂਲ ਤੋਂ ਲੈਕੇ ਬੀਜ ਬਾਰੇ ਅਧਿਆਰੂਹ ਬਾਰੇ, ਤ੍ਰਿਣਾ ਵਿਚ, ਔਸ਼ਧਿ ਬਾਰੇ ਹਰਿਤ ਤਿੰਨ ਤਿੰਨ ਬੋਲ ਆਖਣੇ ਚਾਹਿਦੇ ਹਨ। ਉਦੇਯੋਨਿਕ ਉਦਕ, ਅਵਕ ਪੁਸ਼ਕਰਾਕਸ਼ ਭਾਗਾਂ ਵਿਚ ਤਰੱਸ ਪ੍ਰਾਣੀ ਦੇ ਰੂਪ ਵਿਚ ਉਤਪਨ ਹੁੰਦੇ ਹਨ ਉਹ ਜੀਵ ਪ੍ਰਿਥਵੀ ਯੋਨਿਕ ਦਰੱਖਤਾਂ ਦੇ, ਜਲਯੋਨਿਕ ਦਰੱਖਤਾਂ ਦੇ, ਬਰਿਕਸ਼ ਯੋਨਿਕ ਦਰੱਖਤਾਂ ਦੇ, ਅਧਿਆਰੂਹ ਯੋਨਿਕ ਦਰੱਖਤਾਂ ਦੇ, ਤ੍ਰਿਣ ਯੋਨਿਕ, ਔਸੁਧੀਯੋਨਿਕ, ਹਰਿਤ ਯੋਨਿਕ ਦਰੱਖਤਾਂ ਦੇ ਅਤੇ ਦਰੱਖਤ ਅਧਿਆਰੂਹ, ਤ੍ਰਿਣ, ਔਸ਼ਧਿ, ਹਰਿਤ, ਮੂਲ ਤੋਂ ਲੈਕੇ ਬੀਜ ਤਕ ਅਤੇ ਆਏ ਬਰਿਕਸ਼, ਕਾਏ ਬਰਿਕਸ਼ ਤੋਂ ਲੈਕੇ ਕੁਰ ਬਰਿਕਸ਼ ਉਦਕ, ਅਵਕ ਤੋਂ ਲੈਕੇ ਪੁਸਕਰਾਕਸ ਦਰਖਤਾਂ ਦੇ ਉਤਪੰਨ ਸਨੇਹ ਦਾ ਭੋਜਨ ਕਰਦੇ ਹਨ। ਉਨ੍ਹਾਂ ਦਰਖਤਾਂ ਵਿਚ ਅਧਿਆਰੂਹ ਵਿਚ ਉਤਪੰਨ, ਤ੍ਰਿਣਾਂ ਵਿਚ ਉਤਪੰਨ, ਔਸ਼ਧਿਆਂ ਵਿਚ ਉਤਪੰਨ, ਹਰਿਤ ਵਿਚ ਉਤਪੰਨ, ਮੂਲ ਕੰਦ ਤੋਂ ਲੈਕੇ ਬੀਜ ਵਿਚ ਉਤਪੰਨ, ਅਰਿਆ ਬਰਿਕਸ਼ ਵਿਚ ਉਤਪੰਨ, ਪੁਸਰਾਕਸ ਤੋਂ ਉਤਪੰਨ ਤਰੱਸ ਪ੍ਰਾਣੀਆਂ ਦੇ ਭਿੰਨ ਭਿੰਨ ਵਰਨ, ਗੰਧ, ਰਸ਼ ਤੇ ਸਪਰਸ਼ ਅਕਾਰ ਪ੍ਰਕਾਰ ਦੂਸਰੇ ਸ਼ਰੀਰ ਹੁੰਦੇ ਹਨ ।55

ਇਸ ਤੋਂ ਬਾਅਦ ਤੀਰਥੰਕਰ ਦੇਵ ਨੇ ਅਨੇਕ ਪ੍ਰਕਾਰ ਦੇ ਮਨੁੱਖ ਦੱਸੇ ਹਨ। ਜਿਵੇਂ ਕਈ ਮਨੁੱਖ ਕਰਮ ਭੂਮੀ ਵਿੱਚ ਪੈਦਾ ਹੁੰਦੇ ਹਨ ਕਈ ਅਕਰਮ ਭੂਮੀ ਅਤੇ ਕਈ ਅੰਤਰਦੀਪ ਵਿੱਚ ਪੈਦਾ ਹੁੰਦੇ ਹਨ ਕਈ ਆਰਿਆ ਹੁੰਦੇ ਹਨ, ਕਈ ਮਲੇਛ ਹੁੰਦੇ ਹਨ।

ਉਨ੍ਹਾਂ ਜੀਵਾਂ ਦੀ ਆਪਣੇ ਆਪਣੇ ਬੀਜ ਤੇ ਆਪਣੇ ਅਵਕਾਸ਼ ਅਨੁਸਾਰ ਉਤਪਤਿ ਹੁੰਦੀ ਹੈ। ਉਸ ਉਤਪਤਿ ਦੇ ਕਾਰਣ ਹੀ ਇਸਤਰੀ ਪੁਰਸ਼ ਦਾ ਪੂਰਵ ਕਰਮ ਸੰਬਧ ਦੇ ਰੂਪ ਵਿੱਚ ਯੋਨੀ ਤੇ ਮੈਥੁਨ ਦਾ ਸਹਿਯੋਗ ਹੁੰਦਾ ਹੈ। ਇਸ ਸਹਿਯੋਗ ਤੋਂ ਉਤਪੰਨ ਹੋਣ ਵਾਲੇ ਜੀਵ (ਤੇਜਸ ਤੇ ਕਾਰਮਨ ਸ਼ਰੀਰ) ਰਾਹੀਂ ਦੋਹਾਂ ਇਸਤਰੀ-ਪੁਰਸ ਦੇ (ਚਿਕਨਾਹਟ) ਤੋਂ ਭੋਜਨ ਗ੍ਰਹਿਣ ਕਰਦੇ ਹਨ। ਉਹ ਜੀਵ ਉਥੇ ਇਸਤਰੀ ਰੂਪ, ਪੁਰਸ਼ ਰੂਪ ਤੇ ਨਪੁੰਸਕ ਰੂਪ ਵਿੱਚ ਉਤਪੰਨ ਹੁੰਦੇ ਹਨ।

ਮਾਤਾ ਦਾ ਰਜ ਤੇ ਪਿਤਾ ਵੀਰਜ, ਜੋ ਆਪਸੀ ਮੇਲ ਕਾਰਣ ਮਲਿਨ ਤੇ ਘ੍ਰਿਣਾ ਯੋਗ ਹੁੰਦਾ ਹੈ ਸਭ ਤੋਂ ਪਹਿਲਾਂ ਇਹੋ ਜੀਵਾਂ ਦਾ ਭੋਜਨ ਹੁੰਦਾ ਹੈ। ਇਸ ਤੋਂ ਬਾਅਦ ਮਾਂ ਜਿਹੜੇ ਅਨੇਕਾਂ ਪ੍ਰਕਾਰ ਦੇ ਸਰਸ ਵਸਤੂਆਂ ਦਾ ਭੋਜਨ ਕਰਦੀ ਹੈ ਉਹ ਜੀਵ ਉਸ ਭੋਜਨ ਦੇ ਅੰਸ ਦਾ ਔਜ ਭੋਜਨ ਕਰਦੇ ਹਨ। ਫੇਰ ਵਧ ਕੇ, ਫੂਲਕੇ ਤੇ ਪੁਰਨਤਾ ਪਾਂਦੇ ਉਹ ਜੀਵ ਮਾਤਾ ਦੇ ਸ਼ਰੀਰ ਤੋਂ ਨਿਕਲਦੇ ਹੋਏ ਕੋਈ ਇਸਤਰੀ ਰੂਪ ਕੋਈ ਪੁਰਸ਼ ਰੂਪ ਤੇ ਕੋਈ ਨਪੁਸ਼ਕ ਰੂਪ ਵਿੱਚ ਪੈਦਾ ਹੁੰਦੇ ਹਨ। ਉਹ ਜੀਵ ਬਾਲਕ ਬਣ ਕੇ ਮਾਤਾ ਦੇ

ਦੁੱਧ ਤੇ ਘੀ ਦਾ ਭੋਜਨ ਕਰਦੇ ਹਨ ਫੇਰ ਵਧਦੇ ਫੁਲਦੇ ਉਹ ਜੀਵ ਚੱਲ ਕੁਲਮਾਸ ਤੇ ਤਰੱਸ ਸਥਾਵਰ ਜੀਵਾਂ ਦਾ ਭੋਜਨ ਕਰਦੇ ਹਨ। ਉਹ ਜੀਵ ਪ੍ਰਿਥਵੀ ਆਦਿ ਕਾਇਆ ਦਾ ਭੋਜਨ ਕਰਕੇ ਉਨ੍ਹਾਂ ਨੂੰ ਆਪਣੇ ਮੁਤਾਬਿਕ ਬਨਾ ਲੈਂਦੇ ਹਨ।

ਇਨ੍ਹਾਂ ਕਰਮ ਭੂਮੀ, ਅਕਰਮ ਭੂਮੀ, ਅੰਤਰ ਦੀਪ, ਆਰਿਆ ਤੇ ਮਲੇਛ ਪੁਰਸਾਂ ਦੇ ਸ਼ਰੀਰ ਭਿੰਨ ਭਿੰਨ ਰੰਗਾ ਵਾਲੇ ਹੁੰਦੇ ਹਨ ਅਜਿਹਾ ਤੀਰਥੰਕਰਾ ਨੇ ਕਿਹਾ ਹੈ।56

ਇਸ ਤੋਂ ਬਾਅਦ ਸ੍ਰੀ ਤੀਰਥੰਕਰ ਨੇ ਅਨੇਕ ਪ੍ਰਕਾਰ ਦੇ ਪੰਜ ਇੰਦਰੀਆਂ ਵਾਲੇ ਜਲਚਰ ਵਿਚ ਰਹਿਣ ਵਾਲੇ ਤਰਿਯੰਚ (ਪਸ਼ੂ ਯੋਨੀ) ਦੇ ਜੀਵਾਂ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ। ਮੱਛੀ ਤੋਂ ਲੈ ਕੇ ਸੁਸਮਾਰ ਤਕ ਦੇ ਜੀਵ ਪੰਜਇੰਦਰੀਆਂ ਵਾਲੇ ਜੀਵ ਜਲਚਰ ਤਰਿਯੰਚ ਹਨ। ਇਹ ਜੀਵ ਅਪਣੇ ਬੀਜ ਤੇ ਅਵਕਾਸ਼ (ਸਥਾਨ)ਅਨੁਸਾਰ ਇਸਤਰੀ ਪੁਰਸ਼ ਦੇ ਸੰਭੋਗ ਹੋਣ ਤੇ ਆਪਣੇ ਪੂਰਵ ਨਿਸ਼ਚਿਤ ਕਰਮ ਅਨੁਸਾਰ ਗਰਭ ਵਿਚ ਉਤਪੰਨ ਹੁੰਦੇ ਹਨ। ਫੇਰ ਉਹ ਜੀਵ ਗਰਭ ਵਿਚ ਆ ਕੇ ਮਾਂ ਦੇ ਭੋਜਨ ਦਾ ਇਕ ਅੰਸ਼ ਦਾ ਔਜ ਭੋਜਨ ਗ੍ਰਹਿਣ ਕਰਦੇ ਹਨ। ਫੇਰ ਇਸੇ ਤਰ੍ਹਾਂ ਗਰਭ ਅਵਸਥਾ ਪੂਰੀ ਕਰਕੇ ਬਾਹਰ ਆਕੇ ਕੋਈ ਆਂਡੇ ਦੇ ਰੂਪ ਵਿਚ, ਕੋਈ ਪੋਤਜ ਦੇ ਰੂਪ ਵਿਚ ਜਨਮਦੇ ਹਨ। ਇਹ ਅੰਡਾ ਫੁਟ ਜਾਂਦਾ ਹੈ। ਉਹ ਜਲਚਰ ਜੀਵ ਬਾਲਅਵਸਥਾ ਵਿਚ ਵਿਚ ਜਲ ਦੇ ਸਨੇਹ ਦਾ ਭੋਜਨ ਕਰਦੇ ਹਨ ਫੇਰ ਬੜੇ ਹੋ ਕੇ ਉਹ ਜੀਵ ਬਨਸਪਤਿ ਕਾਇਆ ਦਾ ਤੇ ਹੋਰ ਤਰਸ-ਸਥਾਵਰ ਜੀਵਾਂ ਦਾ ਭੋਜਨ ਕਰਦੇ ਹਨ। ਇਹ ਜੀਵ ਪ੍ਰਿਥਵੀ ਆਦਿ ਦੇ ਸ਼ਰੀਰ ਦਾ ਵੀ ਭੋਜਨ ਕਰਦੇ ਹਨ। ਇਹ

---

ਟਿਪਣੀ 56 :— 1) ਇਕ ਖੁਰ ਵਾਲੇ ਜੀਵ—ਘੋੜਾ, ਗਧਾ ਆਦਿ
ਦੋ ਖੁਰ ਵਾਲੇ ਜੀਵ—ਗਾਂ, ਮੱਝ ਆਦਿ
ਨੱਖਯੁਕਤ—ਹਾਥੀ, ਗੇਂਡਾ ਆਦਿ ਪੰਜੇ ਇੰਦਰੀਆਂ ਵਾਲੇ ਜੀਵ ਹਨ
ਇਨ੍ਹਾਂ ਦਾ ਵਰਨਣ ਮਨੁੱਖਾਂ ਦੀ ਤਰਾਂ ਹੈ।

2) ਆਂਡੇ ਤੋਂ ਪੈਦਾ ਹੋਣ ਵਾਲੇ ਜੀਵ ਪਹਿਲਾਂ ਹਵਾ ਦਾ ਭੋਜਨ ਕਰਦੇ ਹਨ ਫੇਰ ਵੱਡੇ ਹੋਕੇ ਪ੍ਰਿਥਵੀ ਤੋਂ ਲੈਕੇ ਬਨਸਪਤਿ ਕਾਇਆ, ਤਰੱਸ ਤੇ ਸਥਾਵਰ ਜੀਵਾਂ ਦਾ ਭੋਜਨ ਕਰਦੇ ਹਨ। ਇਨ੍ਹਾਂ ਵਿਚ ਸਰਪ ਅਜਗਰ ਦਾ ਵਰਨਣ ਹੈ ਜੋ ਛਾਤੀ ਦੇ ਬਲ ਨਾਲ ਸਿਰਕੇ ਚਲਦੇ ਹਨ।

3) ਚਰਮਕੀਟ, ਬਗੁਲੀ ਚਰਮਪਛੀ ਹੈ, ਰਾਜਹੰਸ, ਸਾਰਸ, ਬਗੁਲਾ, ਕੌਂ ਰੋਮਪੰਛੀ ਹੈ। ਢਾਈ ਦੀਪ ਤੋਂ ਬਾਹਰ ਦੇ ਪੰਛੀ ਸਮਦ ਪੰਛੀ ਅਤੇ ਵਿਤੱਤ ਪੰਛੀ ਅਖਵਾਉਂਦੇ ਹਨ। ਮਾਦਾ ਆਪਣੇ ਅੰਡੇ ਨੂੰ ਢਕ ਕੇ ਬੈਠਦੀ ਹੈ। ਗਰਭ ਤੋਂ ਬਾਅਦ ਬੱਚਾ ਬਾਹਰ ਹੁੰਦਾ ਹੈ। ਬਾਅਦ ਇਹ ਜੀਵ ਮਾਂ ਰਾਹੀਂ ਦਿਤਾ ਭੋਜਨ ਗ੍ਰਹਿਣ ਕਰਦੇ ਹਨ।

ਜੀਵ ਪ੍ਰਿਥਵੀ ਆਦਿ ਦੇ ਸ਼ਰੀਰ ਦਾ ਵੀ ਭੋਜਨ ਕਰਦੇ ਹਨ। ਇਸ ਨੂੰ ਪਚਾ ਕੇ ਅਪਣੇ ਸ਼ਰੀਰ ਵਿਚ ਮਿਲਾ ਲੈਂਦੇ ਹਨ। ਇਨ੍ਹਾਂ ਭਿੰਨ ਭਿੰਨ ਪ੍ਰਕਾਰ ਦੇ ਜਲਚਰ ਪੰਜ ਇੰਦਰੀਆਂ ਤਰਿਅੰਚ ਮਛਲੀ, ਮਗਰਮੱਛ, ਕਛ, ਗ੍ਰਾਹ, ਘੜਿਆਲ ਸ਼ਸੁਮਾਰ ਤਕ ਦੇ ਜੀਵਾਂ ਦੇ ਦੂਸਰੇ ਅਨੇਕਾਂ ਸ਼ਰੀਰ ਹੁੰਦੇ ਹਨ। ਜੋ ਭਿੰਨ ਭਿੰਨ ਰੰਗਾਂ ਦੇ ਹੁੰਦੇ ਹਨ। ਅਜੇਹਾ ਤੀਰਥੰਕਰਾਂ ਨੇ ਕਿਹਾ ਹੈ। ਇਸ ਤੋਂ ਬਾਅਦ ਤੀਰਥੰਕਰਾਂ ਨੇ ਅਨੇਕਾਂ ਪ੍ਰਕਾਰ ਦੇ ਜਮੀਨ ਤੇ ਚਲਣ ਵਾਲੇ ਚਾਰ ਪੈਰਾਂ ਵਾਲੇ ਜਾਨਵਰਾਂ ਬਾਰੇ ਫੁਰਮਾਇਆ ਹੈ। ਸਥਲਚਰ ਪਸ਼ੂ ਕਈ ਇਕ ਖੁਰ ਵਾਲੇ, ਹਾਥੀ ਆਦਿ ਤੇ ਨੌਂਹ (ਪੰਜੇ) ਵਾਲੇ ਹੁੰਦੇ ਹਨ। ਇਹ ਜੀਵ ਅਪਣੇ ਅਪਣੇ ਬੀਜ ਤੇ ਅਵਕਾਸ਼ ਅਨੁਸਾਰ ਪੈਦਾ ਹੁੰਦੇ ਹਨ। ਇਨਾਂ ਵਿਚ ਵੀ ਇਸਤਰੀ ਪੁਰਸ਼ ਦਾ ਆਪਸੀ ਸੰਭੋਗ ਪਹਿਲੇ ਕਰਮ ਅਨੁਸਾਰ ਹੈ। ਉਹ ਮੈਥੁਨ ਸੰਜੋਗ ਦੇ ਹੋਣ ਤੇ ਚਾਰ ਪੈਰਾਂ ਵਾਲੇ ਜੀਵ ਗਰਭ ਵਿਚ ਆਂਦੇ ਹਨ। ਉਹ ਮਾਤਾ ਤੇ ਪਿਤਾ ਦੇ ਸਨੇਹ ਰਾਹੀਂ ਪਹਿਲਾਂ ਭੋਜਨ ਗ੍ਰਹਿਣ ਕਰਦੇ ਹਨ। ਇਹ ਜੀਵ, ਇਸਤਰੀ, ਪੁਰਸ਼, ਤੇ ਨਪੁੰਸਕ ਹੁੰਦੇ ਹਨ ਇਹ ਜੀਵ ਗਰਭ ਵਿਚ ਮਾਤਾ ਦੇ ਆਰਤਵ (ਰਜ) ਤੇ ਪਿਤਾ ਦੇ ਸ਼ਕਰ ਦਾ ਭੋਜਨ ਵੀ ਗ੍ਰਹਿਣ ਕਰਦੇ ਹਨ। ਬਾਕੀ ਗੱਲਾ ਮਨੁਖਾਂ ਦੀ ਤਰਾਂ ਸਮਾਨ ਹਨ। ਇਨਾਂ ਵਿਚ ਕਈ ਇਸਤਰੀ, ਕਈ ਇਸਤਰੀ ਪੁਰਸ਼ ਤੇ ਨਪੁੰਸਕ ਰੂਪ ਵਿਚ ਜਨਮ ਲੈਂਦੇ ਹਨ। ਇਹ ਜੀਵ ਬਾਲਪੁਨੇ ਵਿਚ ਮਾਂ ਦੀ ਛਾਤੀ ਦੇ ਦੁਧ ਦੇ ਘੀ ਦਾ ਭੋਜਨ ਕਰਦੇ ਹਨ। ਫੇਰ ਬੜੇ ਹੋ ਕੇ ਬਨਾਸਪਤਿ ਕਾਈਆਂ ਤੇ ਹੋਰ ਤੇਰਸ ਸਥਾਵਰ ਪ੍ਰਾਣੀਆਂ ਦਾ ਭੋਜਨ ਕਰਦੇ ਹਨ। ਇਹ ਜੀਵ ਪ੍ਰਿਥਵੀ ਆਦਿ ਕਾਈਆਂ ਦਾ ਭੋਜਨ ਕਰਦੇ ਹਨ। ਭੋਜਨ ਕੀਤੇ ਪਦਾਰਥ ਨੂੰ ਪਚਾ ਕੇ ਆਪਣੇ ਸ਼ਰੀਰ ਦੇ ਰੂਪ ਵਿਚ ਬਦਲਦੇ ਹਨ। ਉਨਾਂ ਅਨੇਕਾਂ ਪ੍ਰਕਾਰ ਦੇ ਚਾਰ ਪੈਰਾਂ ਵਾਲੇ ਸਥੱਲਚਰ ਪੰਜ ਇੰਦਰੀਆਂ ਵਾਲੇ ਤਰਿਅੰਚ ਯੋਨੀ ਜੀਵਾਂ ਦੇ ਭਿੰਨ ਭਿੰਨ ਰੰਗ, ਗੰਧ, ਰਸ, ਸਪਰਸ਼ ਅਕਾਰ, ਰਚਨਾ ਤੋਂ ਹੋਰ ਅਨੇਕ ਸ਼ਰੀਰ ਹੁੰਦੇ ਹਨ ਅਜਿਹਾ ਤੀਰਥੰਕਰ ਦੇਵ ਨੇ ਕਿਹਾ ਹੈ।

ਇਸ ਤੋਂ ਬਾਅਦ ਤਾਰਥੰਕਰਾਂ ਨੇ ਅਨੇਕਾਂ ਕਿਸਮ ਦੇ ਪੰਚਇੰਦਰੀ ਤਰਿਅੰਚ ਪ੍ਰਾਣੀ ਜੋ ਛਾਤੀ ਦੇ ਸਹਾਰੇ ਸਿਰਕਦੇ ਚਲਦੇ ਹਨ ਉਨਾਂ ਦਾ ਵਰਨਣ ਕੀਤਾ ਹੈ, ਜਿਵੇਂ ਸੱਪ, ਅਜਗਰ, ਆਸ਼ਲਿਕ ਅਤੇ ਬੜੇ ਸੱਪ, ਉਰ ਪਰਿਸਰਪ, ਸਥਲਚਰ ਪੰਚੇਇੰਦਰੀਆਂ ਤਰਿਅੰਚ ਜੀਵ ਹਨ। ਇਹ ਪ੍ਰਾਣੀ ਵੀ ਆਪਣੇ ਉਤਪਤਿਯੋਗ ਬੀਜ ਤੇ ਅਵਕਾਸ਼ ਰਾਂਹੀਂ ਉਤਪੰਨ ਹੁੰਦੇ ਹਨ। ਇਨ੍ਹਾਂ ਪ੍ਰਾਣੀ ਵਿਚ ਵੀ ਇਸਤਰੀ ਪੁਰਸ਼ ਦਾ ਆਪਸੀ ਮੈਥੁਨ ਸੰਭੋਗ ਹੁੰਦਾ ਹੈ। ਉਸੇ ਸੰਭੋਗ ਹੋਣ ਤੇ ਕਰਮ ਪ੍ਰੇਰਣਾ ਸਦਕਾ ਕਰਮ ਅਨੁਸਾਰ ਆਪਣੀ ਆਪਣੀ ਨੀਅਤ ਯੋਨੀ ਵਿਚ ਪੈਦਾ ਹੁੰਦੇ ਹਨ। (ਬਾਕੀ ਗੱਲਾਂ ਪਹਿਲਾਂ ਆਖੀਆਂ ਜਾ ਚੁਕੀਆਂ ਹਨ।)

ਇਨਾਂ ਵਿਚ ਕਈ ਅੰਡੇ ਦਿੰਦੇ ਹਨ। ਇਨਾਂ ਦਾ ਅੰਡਾ ਫੁਟਨ ਤੇ ਕੋਈ ਜੀਵ

ਇਸਤਰੀ ਨੂੰ ਪੈਦਾ ਕਰਦਾ ਹੈ, ਕੋਈ ਪੁਰਸ਼ ਜਾਂ ਨਪੁੰਸਕ ਨੂੰ ਜਨਮ ਦਿੰਦਾ ਹੈ, ਇਹ ਜੀਵ ਬਚਪਨ ਵਿਚ ਵਾਯੂਕਾਇਆ (ਹਵਾ) ਦਾ ਭੋਜਨ ਕਰਦੇ ਹਨ। ਫੇਰ ਬੜੇ ਹੋ ਕੇ ਉਹ ਬਨਸਪਤਿ, ਹੋਰ ਤਰਸ ਤੇ ਸਥਾਵਰ ਜੀਵਾਂ ਦਾ ਭੋਜਨ ਕਰਦੇ ਹਨ ਇਹ ਜੀਵ ਪ੍ਰਿਥਵੀ ਕਾਈਆਂ ਦੇ ਜੀਵਾਂ ਦਾ ਭੋਜਨ ਵੀ ਕਰਦੇ ਹਨ ਉਸ ਨੂੰ ਪਚਾ ਕੇ ਅਪਣੇ ਸ਼ਰੀਰ ਅਨੁਸਾਰ ਢਾਲ ਲੈਂਦੇ ਹਨ। ਉਨਾਂ ਉਹ ਪਰਿਸਰਪ ਸਥਲਚਰ ਪੰਚਇੰਦਰੀਆਂ ਤਰਿਯੰਚ ਦੇ ਦੇ ਅਨੇਕਾਂ ਵਰਨ, ਗੰਧ, ਰਸ, ਸਪਰਸ਼, ਅਕਾਰ-ਪ੍ਰਕਾਰ, ਢਾਂਚੇ ਤੇ ਹੋਰ ਵੀ ਸਰੀਰ ਆਖੇ ਗਏ ਹਨ। ਅਜਿਹਾ ਤੀਰਥੰਕਰ ਦੇਵ ਨੇ ਕਿਹਾ ਹੈ।

ਇਸ ਤੋਂ ਬਾਅਦ ਅਨੇਕਾਂ ਪ੍ਰਕਾਰ ਦੇ ਬਾਹਾਂ ਦੇ ਸਹਾਰੇ ਜਮੀਨ ਤੇ ਚਲਣ ਵਾਲੇ ਭੁਜਪਰਿਸਰਪ ਆਦਿ ਪੰਚ ਇੰਦਰੀ ਤਰਿਯੰਚ ਹਨ ਉਨਾਂ ਬਾਰੇ ਤੀਰਥੰਕਰਾਂ ਨੇ ਪਹਿਲੇ ਆਖਿਆ ਹੈ। ਭੁਜਾ ਦੇ ਸਹਾਰੇ ਜਮੀਨ ਤੇ ਚਲਣ ਵਾਲੇ ਗੋਹ, ਨੇਉਲਾ, ਸਿੰਘ, ਸ਼ਰਟ, ਸਲੱਕ, ਸਰਘ, ਖਰ, ਗ੍ਰਹਿਕੋਕਿਲ ਵਿਸਵੰਬਰ, ਮੁਸ਼ਕ, ਸੰਗੁਸ, ਪਦਲਾਲਿਤ, ਬਿੱਲੀ ਜੋਧ ਤੇ ਚਾਰ ਪੈਰ ਵਾਲੇ ਜੀਵ ਹਨ। ਇਹ ਜੀਵ ਅਪਣੇ ਅਪਣੇ ਬੀਜ ਤੇ ਅਵਕਾਸ਼, ਰਾਹੀ ਉਤਪਨ ਹੁੰਦੇ ਹਨ ਅਤੇ ਉਰਪਰਿ ਸਰਪਜੀਵਾਂ ਦੀ ਤਰ੍ਹਾਂ ਇਹ ਜੀਵ ਇਸਤਰੀ ਪੁਰਸ਼ ਦੇ ਸੰਭੋਗ ਨਾਲ ਪੈਦਾ ਹੁੰਦੇ ਹਨ। ਬਾਕੀ ਗੱਲਾਂ ਪਹਿਲਾਂ ਦਸੀਆਂ ਜਾ ਚੁਕੀਆਂ ਹਨ। ਇਹ ਜੀਵ ਵੀ ਅਪਣੇ ਭੋਜਨ ਨੂੰ ਪਚਾਕੇ ਸ਼ਰੀਰ ਅਨੁਸਾਰ ਢਾਲ ਲੈਂਦੇ ਹਨ। ਇਨਾਂ ਅਨੇਕ ਜਾਤ ਵਾਲੇ ਭੁਜ ਪਰਿਸਰਪਾ ਸਥਲਚਰ ਪੰਚ ਇੰਦਰੀ ਤਰਿਯੰਚ ਦੇ ਦੂਸਰੇ ਭਿੰਨ ਭਿੰਨ ਰੰਗ ਵਾਲੇ ਸ਼ਰੀਰ ਤੀਰਥੰਕਰ ਭਗਵਾਨ ਨੇ ਆਖੇ ਹਨ।

ਇਸ ਤੋਂ ਬਾਅਦ ਸ਼੍ਰੀ ਤੀਰਥੰਕਰ ਭਗਵਾਨ ਨੇ ਅਨੇਕ ਪ੍ਰਕਾਰ ਦੀ ਕਿਸਮ ਦੇ ਅਕਾਸ਼, ਵਿਚ ਉੜਨ ਵਾਲੇ ਤਰਿਯੰਚ ਆਖੇ ਹਨ ਜਿਸ ਤਰਾਂ ਚਰਮ ਪੰਛੀ, ਰੋਮ ਪੰਛੀ, ਵਿਤੱਤ ਪੰਛੀ। ਇਨ੍ਹਾਂ ਦੀ ਉਤਪਤਿ ਬਾਰੇ ਭਗਵਾਨ ਨੇ ਇਸ ਪ੍ਰਕਾਰ ਕਿਹਾ ਹੈ। ਉਹ ਪ੍ਰਾਣੀ ਅਪਣੀ ਉਤਪਤੀ ਯੋਗ ਬੀਜ ਤੇ ਅਵਕਾਸ਼ ਰਾਹੀਂ ਉਤਪੰਨ ਹੁੰਦੇ ਹਨ। ਇਸਤਰੀ ਪੁਰਸ਼ ਦੇ ਸੰਭੋਗ ਤੋਂ ਇਨਾਂ ਦੀ ਉਤਪਤਿ ਹੁੰਦੀ ਹੈ। ਇਹ ਜੀਵ ਗਰਭ ਤੋਂ ਬਾਹਰ ਆ ਕੇ ਬਚਪਨ ਵਿਚ ਮਾਂ ਦੇ ਸਨੇਹ ਦਾ ਭੋਜਨ ਕਰਦੇ ਹਨ। ਫੇਰ ਬੜੇ ਹੋ ਕੇ ਬਨਸਪਤਿ ਕਾਇਆ ਤਰਸ ਅਤੇ ਸਥਾਵਰ ਜੀਵਾਂ ਦਾ ਭੋਜਨ ਕਰਦੇ ਹਨ। ਇਨਾਂ ਅਨੇਕ ਪ੍ਰਕਾਰ ਦੇ ਜਾਤ ਵਾਲੇ ਚਰਮਪੰਛੀ ਆਦਿ ਅਕਾਸ਼ਚਾਰੀ ਪੰਚੇਇੰਦਰੀ ਤਰਿਅੰਚ ਤੇ ਹੋਰ ਸ਼ਰੀਰ ਹੁੰਦੇ ਹਨ ਅਜਿਹਾ ਤੀਰਥੰਕਰਾਂ ਨੇ ਕਿਹਾ ਹੈ। 57।

ਇਸ ਤੋਂ ਬਾਅਦ ਤੀਰਥੰਕਰਾ ਨੇ ਹੋਰ ਜੀਵਾਂ ਦੀ ਉਤਪਤੀ ਦਾ ਵਰਨਣ ਕੀਤਾ ਹੈ" ਇਸ ਜਗਤ ਵਿਚ ਕਈ ਪ੍ਰਾਣੀ ਭਿੰਨ ਭਿੰਨ ਯੋਨੀਆਂ ਵਿਚ ਪੈਦਾ ਹੁੰਦੇ ਹਨ ਸਥਿਤ ਰਹਿੰਦੇ ਹਨ ਤੇ ਵਾਧਾ ਪਾਂਦੇ ਹਨ। ਭਿੰਨ ਭਿੰਨ ਪ੍ਰਕਾਰ ਦੀਆਂ ਯੋਨੀਆਂ ਵਿਚ ਉਤਪਨ, ਸਥਿਤ, ਵਧਦੇ, ਉਹ ਜੀਵ ਅਪਣੇ ਪੂਰਵ ਕਰਮਾ ਅਨੁਸਾਰੇ ਉਨ੍ਹਾਂ ਕਰਮਾਂ ਦੇ ਪ੍ਰਭਾਵ

ਸਦਕਾ, ਭਿੰਨ ਭਿੰਨ ਯੋਨੀਆਂ ਵਿਚ ਪੈਦਾ ਹੁੰਦੇ ਹਨ ਉਹ ਪ੍ਰਾਣੀ, ਭਿੰਨ ਭਿੰਨ ਤਰ੍ਹਾਂ ਦੇ ਤਰੱਸ ਤੇ ਸਥਾਵਰ ਪੁਦਗਲਾ ਦੇ ਸਚਿਤ ਤੇ ਅਚਿਤ ਸ਼ਰੀਰ ਦੇ ਸਹਾਰੇ ਰਹਿੰਦੇ ਹਨ। ਉਹ ਜੀਵ ਅਨੇਕਾਂ ਪ੍ਰਕਾਰ ਦੇ ਤਰੱਸ ਤੇ ਸਥਾਵਰ ਜੀਵਾਂ ਦੇ ਸਨੇਹ (ਰਸ) ਦਾ ਭੋਜਨ ਕਰਦੇ ਹਨ ਉਹ ਜੀਵ ਪ੍ਰਿਥਵੀ ਆਦਿ ਦੇ ਸ਼ਰੀਰ ਦਾ ਭੋਜਨ ਕਰਦੇ ਹਨ ਉਹ ਤਰੱਸ ਸਥਾਵਰ ਜੂਨ ਵਿਚ ਉਤਪਨ, ਉਨ੍ਹਾਂ ਦੇ ਆਸਰੇ ਰਹਿਨ ਵਾਲੇ, ਪ੍ਰਾਣੀਆਂ ਦੇ ਭਿੰਨ ਭਿੰਨ ਰੰਗ ਵਾਲੇ ਸ਼ਰੀਰ ਹੁੰਦੇ ਹਨ। ਅਜੇਹਾ ਤੀਰਥੰਕਰ ਭਗਵਾਨ ਨੇ ਕਿਹਾ ਹੈ। ਇਸੇ ਤਰ੍ਹਾਂ ਬਿੱਠ ਤੇ ਮੂਤਰ ਵਿਚ ਵਿਕਲ ਇੰਦਰੀਆਂ ਜੀਵ ਪੈਦਾ ਹੁੰਦੇ ਹਨ ਗਊ, ਮੱਝ ਦੇ ਸ਼ਰੀਰ ਦੇ ਚਰਮ ਕੀਟ ਪੈਦਾ ਹੁੰਦੇ ਹਨ। 58

ਇਸ ਤੋਂ ਬਾਅਦ ਸ੍ਰੀ ਤੀਰਥੰਕਰ ਦੇਵ ਨੇ ਹੋਰ ਪ੍ਰਾਣੀਆਂ ਦਾ ਵਰਨਣ ਕੀਤਾ ਹੈ। ਇਸ ਜਗਤ ਵਿੱਚ ਕਈ ਅਨੇਕਾ ਜੀਵਜੂਨਾ ਵਿੱਚ ਉਤਪਨ ਹੋਕੇ, ਕਰਮ ਦੀ ਪ੍ਰੇਰਣਾ ਨਾਲ, ਵਾਯੂ ਯੋਨੀਕ ਅੱਪ ਕਾਇਆ ਵਿੱਚ ਪੈਦਾ ਹੁੰਦੇ ਹਨ। ਉਹ ਪ੍ਰਾਣੀ ਅੱਧਕਾਈਆ ਵਿੱਚ ਆ ਕੇ ਅਨੇਕ ਪ੍ਰਕਾਰ ਦੇ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਸਚਿਤ ਤੇ ਅਚਿਤ ਸ਼ਰੀਰ ਵਿੱਚ ਅਪਕਾਈਆ ਰੂਪ ਵਿੱਚ ਜਨਮ ਲੈਂਦੇ ਹਨ। ਅਪਕਾਇਆ ਵਾਯੂ ਨਾਲ ਬਨੇ ਹੋਏ, ਵਾਯੂ ਰਾਹੀ ਸੰਗ੍ਰਹਿ ਕੀਤੇ ਹੋਏ ਅਤੇ ਵਾਯੂ ਨਾਲ ਧਾਰਨ ਕੀਤੇ ਹੁੰਦੇ ਹਨ। ਇਸ ਲਈ ਉਹ ਉਪਰ ਦੀ ਹਵਾ ਹੋਵੇ ਤਾਂ ਉਪਰ; ਹੇਠਾਂ ਦੀ ਹਵਾ ਹੋਵੇ, ਤਾਂ ਹੇਠਾ, ਤਿਰਛੀ ਹਵਾ ਹੋਵੇ ਤਾ ਤਿਰਛੇ ਨੂੰ ਜਾਂਦੇ ਹਨ। ਇਸ ਅਪਕਾਇਆ (ਜਲ) ਦੇ ਕੁਝ ਨਾਊਂ ਇਸ ਪ੍ਰਕਾਰ ਹਨ-ਔਸ, ਹਿਮ (ਬਰਫ) ਮਿਹਿਕਾ (ਕੋਰਾ) ਕੱਰੇ (ਔਲੇ) ਹਰਤਨ ਤੇ ਸ਼ੁਧ ਜਲ। ਇਹ ਜੀਵ ਅਨੇਕ ਪ੍ਰਕਾਰ ਦੇ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਸਨੇਹ ਦਾ ਭੋਜਨ ਗ੍ਰਹਿਣ ਕਰਦੇ ਹਨ ਇਹ ਜੀਵ ਪ੍ਰਿਥਵੀ ਆਦਿ ਦੇ ਸ਼ਰੀਰ ਤੋਂ ਵੀ ਭੋਜਨ ਗ੍ਰਹਿਣ ਕਰਦੇ ਹਨ, ਇਸ ਨੂੰ ਪਚਾ ਕੇ ਆਪਨੇ ਸਰੀਰ ਅਨੁਸਾਰ ਢਾਲਦੇ ਹਨ। ਇਨ੍ਹਾਂ ਤਰਸ ਸਥਾਵਰ ਯੋਨੀ ਵਿੱਚ ਉਤਪਨ ਔਸ਼ ਤੋਂ ਲੈਕੇ ਸੁਧ ਪਾਣੀ ਤੱਕ ਦੇ ਜੀਵਾ ਹੋਰ ਰੰਗ, ਰੂਪ, ਗੰਧ, ਰਸ, ਸਪਰਸ਼, ਅਕਾਰ, ਪ੍ਰਕਾਰ ਤੇ ਸ਼ਰੀਰ ਹੁੰਦੇ ਹਨ। ਅਜੇਹਾ ਤੀਰਥੰਕਰਾ ਨੇ ਕਿਹਾ ਹੈ।

---

ਟਿਪਣੀ ਸੂਤਰ 58 :- ਪੰਜ ਇੰਦਰੀਆਂ ਵਾਲੇ ਪ੍ਰਾਣੀ ਦੇ ਭੋਜਨ ਦਾ ਵਰਨਣ ਕਰਣ ਤੋਂ ਬਾਅਦ ਸ਼ਾਸਤਰ ਕਾਰ ਨੇ ਇਸ ਸੂਤਰ ਵਿਚ ਵਿਕਲ ਇੰਦਰੀ ਪ੍ਰਾਣੀਆਂ ਦੀ ਉਤਪਤਿ ਅਤੇ ਭੋਜਨ ਦਾ ਵਰਨਣ ਕੀਤਾ ਹੈ। ਜੋ ਪ੍ਰਾਣੀ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਸਚਿਤ ਤੇ ਅਚਿਤ ਸ਼ਰੀਰ ਵਿਚ ਪੈਦਾ ਹੁੰਦੇ ਹਨ ਉਸੇ ਪ੍ਰਾਣੀ ਦੇ ਸ਼ਰੀਰ ਦੇ ਸਹਾਰ ਵਾਧਾ ਪਾਂਦੇ ਹਨ ਉਹ ਵਿਕਲ ਇੰਦਰੀ ਹਨ ਜਿਵੇਂ ਮਨੁਖ ਸ਼ਰੀਰ ਵਿੱਚ ਜੂੰ, ਲੀਖ, ਖਟਮਲ ਦੀ ਉਤਪਤਿ ਇਸ ਵਿਚ ਸ਼ਾਮਲ ਹੈ। ਮਨੁੱਖ ਦੇ ਅਚਿਤ (ਬੇਜਾਨ) ਸ਼ਰੀਰ ਵਿਚ ਅਤੇ ਵਿਕਲ ਇੰਦਰੀਆਂ ਦੇ ਸ਼ਰੀਰ ਵਿਚ ਕਿਰਮ ਪੈਦਾ ਹੁੰਦੇ ਹਨ। ਇਹ ਜੀਵ ਹੋਰ ਜੀਵਾਂ

ਇਸ ਤੋਂ ਬਾਅਦ ਤੀਰਥੰਕਰ ਦੇਵ ਨੇ ਅੱ ਕਾਇਆ ਤੋਂ ਉਤਪਨ ਹੋਣ ਵਾਲੇ ਭਿੰਨ-ਭਿੰਨ ਜੀਵਾ ਦਾ ਸਵਰੂਪ ਦਸੀਆ ਸੀ। ਇਸ ਸੰਸਾਰ ਵਿੱਚ ਕਿਸੇ ਹੀ ਪ੍ਰਾਣੀ ਪਾਣੀ ਤੋਂ ਉਤਪਨ ਹੁੰਦੇ ਹਨ, ਪਾਣੀ ਵਿੱਚ ਸਥਿਤ ਰਹਿੰਦੇ ਹਨ, ਤੇ ਪਾਣੀ ਵਿੱਚ ਵਧਦੇ ਹਨ। ਉਹ ਅਪਣੇ ਪੂਰਵ ਕਰਮ ਦੇ ਅਸਰ ਕਾਰਣ ਪਾਣੀ ਵਿੱਚ ਆਉਂਦੇ ਹਨ, ਤਰੱਸ ਸਥਾਵਰ ਯੋਨੀਕ-ਜੱਲ ਵਿੱਚ ਜਲ ਦੇ ਰੂਪ ਵਿੱਚ ਉਤਪਨ ਹੁੰਦੇ ਹਨ ਇਹ ਜੀਵ ਉਨ੍ਹਾਂ ਤਰੱਸ ਸਥਾਵਰ ਯੋਨੀਕ ਜਲ ਦੇ ਸਨੇਹ ਦਾ ਭੋਜਨ ਕਰਦੇ ਹਨ, ਇਸ ਭੋਜਨ ਨੂੰ ਪਚਾਕੇ ਅਪਣੇ ਸ਼ਰੀਰ ਨੂੰ ਉਸੇ ਅਨੁਸਾਰ ਢਾਲਦੇ ਹਨ। ਉਸ ਤਰੱਸ ਦੇ ਸਥਾਵਰ ਯੋਨੀਕ ਉਦਕ (ਔਸਾਂ) ਦੇ ਅਨੇਕਾਂ ਵਰਨ ਤੇ ਦੂਸਰੇ ਸ਼ਰੀਰ ਹਨ। ਇਸ ਤੋਂ ਪਹਿਲਾਂ ਤੀਰਥੰਕਰਾ ਨੇ ਜਲਯੋਨੀਕ ਜਲਕਾਇਆ ਦੇ ਸਵਰੂਪ ਦਾ ਪਹਿਲਾ ਵਰਣਨ ਕੀਤਾ ਸੀ। ਇਸ ਸੰਸਾਰ ਵਿੱਚ ਕਿਨੇ ਹੀ ਜੀਵ ਉਦਕ ਯੋਨੀਕ ਉਦਕ ਵਿੱਚ ਅਪਣੇ ਪਿਛਲੇ ਕਰਮਾ ਸਦਕਾ ਆ ਕੇ ਜਨਮ ਲੈਂਦੇ ਹਨ ਉਹ ਜੀਵ ਉਦਯੋਨੀਕ ਉਦਕ ਵਿੱਚ ਅਪਣੇ ਪਹਿਲੇ ਕਰਮ ਅਨੁਸਾਰ ਉਦਕਯੋਨੀਕ ਉਦਕਾ ਵਿੱਚ ਜਨਮ ਲੈਂਦੇ ਹਨ। ਓਹ ਜੀਵ ਉਦਕਾ ਦੇ ਸਨੇਹ ਤੋਂ ਭੋਜਨ ਗ੍ਰਹਿਣ ਕਰਦੇ ਹਨ। ਉਹ ਜੀਵ ਪ੍ਰਿਥਵੀ ਕਾਇਆ ਆਦਿ ਦਾ ਵੀ ਭੋਜਨ ਕਰਦੇ ਹਨ। ਜਿਸ ਨੂੰ ਉਹ ਸ਼ਰੀਰ ਅਨੁਸਾਰ ਢਾਲ ਲੈਂਦੇ ਹਨ। ਓਨ੍ਹਾਂ ਉਦੱਕਯੋਨੀ ਵਾਲੇ ਉਦਗਾ ਦੇ ਅਨੇਕਾ ਰੰਗ, ਰੂਪ, ਗੰਧ, ਰਸ, ਸਪਰਸ਼ ਆਕਾਰ ਪ੍ਰਕਾਰ ਤੇ ਸ਼ਰੀਰ ਹੁੰਦੇ ਹਨ। ਅਜੇਹਾ ਸ੍ਰੀ ਤੀਰਥੰਕਰ ਭਗਵਾਨ ਨੇ ਕਿਹਾ ਹੈ।

ਇਸ ਤੋਂ ਬਾਅਦ ਸ੍ਰੀ ਤੀਰਥੰਕਰ ਭਗਵਾਨ ਨੇ ਉਦਕਯੋਨੀਕ ਤਰੱਸ ਕਾਇਆ ਵਾਰੇ ਕਿਹਾ ਸੀ।

---

ਦੀ ਤਰ੍ਹਾਂ ਘਮਨ ਫਿਰਨ ਵਿਚ ਸੁਤੰਤਰ ਨਹੀਂ। ਸਚਿਤ ਅਗਨੀ ਕਾਇਆ ਅਤੇ ਵਾਯੂ ਕਾਇਆ ਵਿਚ ਵੀ ਵਿਕਲ ਇੰਦਰੀਆਂ ਜੀਵ ਉਤਪਨ ਹੁੰਦੇ ਹਨ। ਪਾਣੀ ਵਿਚ ਅਨੇਕ ਪ੍ਰਕਾਰ ਦੇ ਵਿਕਲ ਇੰਦਰੀ ਜੀਵ (ਦੋ ਇੰਦਰੀ ਤੇ ਚਾਰ ਇੰਦਰੀ) ਤੱਕ ਪੈਦਾ ਹੁੰਦੇ ਹਨ। ਇਹ ਪ੍ਰਾਣੀ ਜਿਸ ਸ਼ਰੀਰ ਵਿਚ ਉਤਪਨ ਹੁੰਦੇ ਹਨ ਓਸੇ ਦਾ ਭੋਜਨ ਗ੍ਰਹਿਣ ਕਰਕੇ ਜਿਉਂਦੇ ਹਨ। ਜਿਵੇਂ ਸਚਿਤ ਤੇ ਅਚਿਤ ਸਰੀਰ ਹੈ ਵਿਕਲ ਇੰਦਰੀਆਂ ਜੀਵਾਂ ਦੀ ਉਤਪਤਿ ਹੁੰਦੀ ਹੈ। ਉਸੇ ਪ੍ਰਕਾਰ ਪੰਜ ਇੰਦਰੀਆਂ ਦੇ ਮਲ-ਮੁਤਰ ਵਿਚੋਂ ਵੀ ਵਿਕਲ ਇੰਦਰੀਆਂ ਜੀਵਾਂ ਦੀ ਉਤਪਤਿ ਹੁੰਦੀ ਹੈ। ਮਲ ਮੁਤਰ ਵਿਚ ਪੈਦਾ ਜੀਵ ਬਾਹਰ ਅਤੇ ਅੰਦਰ ਦੋਹੇ ਤਰ੍ਹਾਂ ਦੇ ਵਿਖਾਈ ਦਿੰਦੇ ਹਨ। ਇਹ ਜੀਵਾਂ ਦਾ ਅਕਾਰ ਭੱਦਾ ਹੁੰਦਾ ਹੈ ਮਲ ਮੁਤਰ ਦੇ ਭੋਜਨ ਨਾਲ ਜੀਵਨ ਗੁਜਾਰਦੇ ਹਨ ਵਿਕਲ ਇੰਦਰੀਆਂ ਪਸ਼ੂ ਪੰਜ ਇੰਦਰੀਆਂ ਵਿਚ ਚਮੜੀ ਦੇ ਕੀੜੇ ਦੇ ਰੂਪ ਵਿਚ ਪੈਦਾ ਹੁੰਦੇ ਹਨ। ਗਾਂ ਮੱਝ ਦੇ ਸ਼ਰੀਰ ਤੇ ਬਹੁਤ ਸਾਰੇ ਚਰਮ ਕੀਟ ਪੈਦਾ ਹੋ ਜਾਂਦੇ ਹਨ ਜੋ ਗਾਂ ਮੱਝ ਦਾ ਸ਼ਰੀਰ ਖਾਕੇ ਖੱਡ ਕਰ ਦਿੰਦੇ ਹਨ ਇੰਨ੍ਹਾਂ ਖੱਡਾਂ ਤੋਂ ਖ਼ੂਨ ਨਿਕਲਦਾ ਹੈ। ਅਜੇਹੇ ਵਿਕਲ ਇੰਦਰੀ ਜੀਵ ਖੂੰਨ ਦਾ ਭੋਜਨ ਕਰਦੇ ਹਨ।